ਰੋਜ਼ਾਨਾ ਲੋਕ ਬਾਣੀ ਨੂੰ ਪੱਤਰਕਾਰਾਂ ਦੀ ਲੋੜ 99155-94111

ਸੱਚ ਤੇ ਨਿਡਰ ਆਵਾਜ਼

# ਰੋਜ਼ਾਨਾ ਲੋਕ ਬਾਣੀ

DAILY LOKBANI JALANDHAR

ਮੁੱਖ ਸੰਪਾਦਕ : ਅਮਨਦੀਪ ਮਹਿਰਾ

ਸੋਮਵਾਰ, 15 ਜੁਲਾਈ 2024


**ਅੱਜ ਦਾ ਸ਼ੁਭ ਵਿਚਾਰ**



ਭੋਜਨ ਖਾਣ ਤੋਂ ਤੁਰੰਤ ਬਾਅਦ ਪਾਣੀ ਪੀਣ ਨਾਲ ਅਨੇਕਾਂ ਤਰ੍ਹਾਂ ਦੇ ਰੋਗ ਹੁੰਦੇ ਹਨ। ਇਸ ਲਈ ਖਾਣੇ ਤੋਂ ਇੱਕ ਘੰਟਾ ਬਾਅਦ ਹੀ ਪਾਣੀ ਪੀਣਾ ਚਾਹੀਦਾ ਹੈ।

ਸੇਵਾ ਮੁਕਤ ਅਧਿਆਪਕ ਹਰਬੰਸ ਸਿੰਘ ਸੰਘੇੜਾ

ਰੋਜ਼ਾਨਾ ਲੋਕ ਬਾਣੀ
www.lokbani.com


R. N. I. Punpun/29016/2008 ✱ ਸਾਲ 16 , ✱ ਅੰਕ : 42, ✱ ਮੁੱਲ : 6 ਰੁਪਏ ✱ ਕੁੱਲ ਪੇਜ: 10 ✱ ਦਫ਼ਤਰ : 0181-2211009 ✱ M : 99155-94111



ਹਰ ਰੋਜ਼ ਲੱਗ ਰਹੇ ਹਨ ਵੀਜ਼ਾ ਹੀ ਵੀਜ਼ਾ
ਕੈਨੇਡਾ
ਕੈਨੇਡਾ/ਯੂ. ਕੇ./ ਆਸਟ੍ਰੇਲੀਆਂ ਟੂਰਿਸਟ ਵੀਜ਼ਾ
2155 ਵੀਜ਼ਾ
1 ਜਨਵਰੀ ਤੋਂ 30 ਮਾਰਚ ਤੱਕ ਲੱਗੇ
easyvisa | 8194828282


## ਅਮਰੀਕਾ ਵਿਚ ਟਰੰਪ ਤੇ ਹੋਇਆ ਗੋਲੀ ਨਾਲ ਹਮਲਾ



ਵਾਸ਼ਿੰਗਟਨ , (ਲੋਕ ਬਾਣੀ) ਵਿਸ਼ਵ ਦੇ ਸਭ ਤੋਂ ਸ਼ਕਤੀਸ਼ਾਲੀ ਦੇਸ਼ ਅਮਰੀਕਾ ਵਿਚ ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਤੇ ਸ਼ਨੀਵਾਰ ਨੂੰ ਪੈਨਸਿਲਵੇਨੀਆ ਚ ਇਕ ਰੈਲੀ ਚ ਹੋਏ ਹਮਲੇ ਦੀ ਜਾਂਚ ਕਤਲ ਦੀ ਕੋਸ਼ਿਸ਼ ਦੇ ਮਾਮਲੇ ਵਜੋਂ ਕੀਤੀ ਜਾ ਰਹੀ ਹੈ। ਅਧਿਕਾਰੀਆਂ ਨੇ ਇਹ ਜਾਣਕਾਰੀ ਦਿੱਤੀ। ਕਾਨੂੰਨ ਲਾਗੂ ਕਰਨ ਵਾਲੇ ਅਧਿਕਾਰੀਆਂ ਨੇ ਸਮਾਚਾਰ ਏਜੰਸੀ ਐਸੋਸੀਏਟਿਡ ਪ੍ਰੈਸ ਨੂੰ ਦੱਸਿਆ ਕਿ ਸਾਬਕਾ ਰਾਸ਼ਟਰਪਤੀ ਤੇ ਹਮਲਾ ਕਰਨ ਵਾਲੇ ਹਮਲਾਵਰ ਦੀ ਪਛਾਣ ਪੈਨਸਿਲਵੇਨੀਆ ਦੇ 20 ਸਾਲਾ ਥਾਮਸ ਮੈਥਿਊ ਕਰੂਕ ਵਜੋਂ ਕੀਤੀ ਹੈ। ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਤੇ ਪੈਨਸਿਲਵੇਨੀਆ ਵਿਚ ਇਕ ਚੋਣ ਰੈਲੀ ਦੌਰਾਨ ਜਾਨਲੇਵਾ ਹਮਲਾ ਕੀਤਾ ਗਿਆ।

## ਆਸਟ੍ਰੇਲੀਆ ਨੇ ਜਾਸੂਸੀ ਮਾਮਲੇ ਵਿਚ ਰੂਸ ਦੇ ਜੋੜੇ ਨੂੰ ਕੀਤਾ ਕਾਬੂ



ਆਸਟ੍ਰੇਲੀਆ, (ਲੋਕ ਬਾਣੀ) ਪੁਲੀਸ ਨੇ ਦੋ ਰੂਸੀ ਮੂਲ ਦੇ ਆਸਟਰੇਲਿਆਈ ਜੋੜੇ ਨੂੰ ਜਾਸੂਸੀ ਦੇ ਦੋਸ਼ ਹੇਠ ਹਿਰਾਸਤ ਵਿੱਚ ਲਿਆ ਹੈ। ਉਨ੍ਹਾਂ ’ਤੇ ਆਸਟਰੇਲੀਆ ਦੀ ਰੱਖਿਆ ਸਬੰਧੀ ਸਮੱਗਰੀ ਬਾਰੇ ਜਾਣਕਾਰੀ ਮਾਸਕੋ ਵਿੱਚ ਅਧਿਕਾਰੀਆਂ ਨਾਲ ਸਾਂਝੀ ਕਰਨ ਦਾ ਦੋਸ਼ ਹੈ। ਪੁਲੀਸ ਅਨੁਸਾਰ ਲਗਪਗ 40 ਵਰ੍ਹਿਆਂ ਦੀ ਔਰਤ ਜੋ ਕਿ ਆਸਟਰੇਲੀਆ ਦੀ ਫੌਜ ਦੇ ਰੱਖਿਆ ਬਲ ਦੇ ਇੱਕ ਵਿਭਾਗ ’ਚ ਕੰਮ ਕਰਦੀ ਸੀ, ਦਾ 62 ਵਰ੍ਹਿਆਂ ਦਾ ਪਤੀ ਉਸ ਪਾਸੋਂ ਸੰਵੇਦਨਸ਼ੀਲ ਜਾਣਕਾਰੀ ਹਾਸਲ ਕਰਦਾ ਸੀ। ਉਹ ਦੋਵੇਂ ਆਪਸੀ ਮਿਲੀਭੁਗਤ ਨਾਲ ਇਸ ਕਾਰੇ ਨੂੰ ਅੰਜਾਮ ਦੇ ਰਹੇ ਸਨ। ਹਾਲਾਂਕਿ, ਜੋੜੇ ਦੀ ਪਛਾਣ ਜਨਤਕ ਨਹੀਂ ਕੀਤੀ ਗਈ ਹੈ।

## ਜਗਨਨਾਥ ਪੁਰੀ ਮੰਦਰ ਦਾ ਖਜ਼ਾਨਾ 46 ਸਾਲਾਂ ਬਾਅਦ ਖੋਲਿਆ ਗਿਆ



ਪੁਰੀ, (ਲੋਕ ਬਾਣੀ) ਪੁਰੀ ਦੇ 12ਵੀਂ ਸਦੀ ਦੇ ਜਗਨਨਾਥ ਮੰਦਰ ਦੇ ਖਜ਼ਾਨੇ ਰਤਨਾ ਭੰਡਾਰ ਨੂੰ 46 ਸਾਲਾਂ ਬਾਅਦ ਅੱਜ ਮੁੜ ਖੋਲ੍ਹਿਆ ਗਿਆ। ਇਸ ਦੌਰਾਨ ਕੀਮਤੀ ਵਸਤਾਂ ਮਿਲੀਆਂ ਜਿਨ੍ਹਾਂ ਦੀ ਡਿਜੀਟਲ ਸੂਚੀ ਤਿਆਰ ਕੀਤੀ ਜਾ ਰਹੀ ਹੈ। ਇਸ ਮੌਕੇ ਪ੍ਰਸ਼ਾਸਨ ਨੇ ਲੱਕੜੀ ਦੇ ਛੇ ਸੰਦੂਕ ਮੰਗਵਾਏ ਤੇ ਹਰ ਸੰਦੂਕ ਨੂੰ ਅੱਠ ਤੋਂ ਦਸ ਜਣਿਆਂ ਵੱਲੋਂ ਚੁੱਕਿਆ ਗਿਆ। ਅਧਿਕਾਰੀਆਂ ਨੇ ਦੱਸਿਆ ਕਿ ਇਸ ਮਕਸਦ ਲਈ ਸੂਬਾ ਸਰਕਾਰ ਵੱਲੋਂ ਗਠਿਤ ਕੀਤੀ ਗਈ ਕਮੇਟੀ ਦੇ ਮੈਂਬਰ ਦੁਪਹਿਰ 12 ਵਜੇ ਦੇ ਕਰੀਬ ਮੰਦਰ ਵਿੱਚ ਦਾਖ਼ਲ ਹੋਏ ਅਤੇ ਰਸਮਾਂ ਨਿਭਾਉਣ ਤੋਂ ਬਾਅਦ ਖਜ਼ਾਨਾ ਖੋਲ੍ਹਿਆ ਗਿਆ।

## ਮਨੀਪੁਰ ਚ ਦਹਿਸ਼ਤ ਹਮਲੇ ਵਿਚ ਸੀਆਰਪੀਏ.ਫ ਦਾ ਜਵਾਨ ਸ਼ਹੀਦ



ਮਨੀਪੁਰ, (ਲੋਕ ਬਾਣੀ) ਇੱਥੇ ਦਹਿਸ਼ਤਗਰਦਾਂ ਨੇ ਕੇਂਦਰੀ ਰਿਜ਼ਰਵ ਪੁਲੀਸ ਬਲ (ਸੀਆਰਪੀਐੱਫ) ਦੇ ਗਸ਼ਤ ਕਰ ਰਹੇ ਜਵਾਨਾਂ ’ਤੇ ਗੋਲੀਬਾਰੀ ਕੀਤੀ ਜਿਸ ਕਾਰਨ ਸੀਆਰਪੀਐਫ ਦਾ ਇੱਕ ਜਵਾਨ ਸ਼ਹੀਦ ਹੋ ਗਿਆ ਅਤੇ ਤਿੰਨ ਹੋਰ ਸੁਰੱਖਿਆ ਕਰਮਚਾਰੀ ਜ਼ਖ਼ਮੀ ਹੋ ਗਏ। ਇੰਫਾਲ ’ਚ ਇਕ ਪੁਲੀਸ ਅਧਿਕਾਰੀ ਨੇ ਦੱਸਿਆ ਕਿ ਆਸਾਮ ਦੀ ਸਰਹੱਦ ਨਾਲ ਲੱਗਦੇ ਜਿਰੀਬਾਮ ਜ਼ਿਲ੍ਹੇ ਦੇ ਮੋਰਬੁੰਗ ਪਿੰਡ ’ਚ ਦਹਿਸ਼ਤਗਰਦਾਂ ਵਲੋਂ ਪਹਾੜੀ ਤੋਂ ਗਸ਼ਤੀ ਦਲ ’ਤੇ ਭਾਰੀ ਗੋਲੀਬਾਰੀ ਕੀਤੀ ਗਈ। ਪੁਲੀਸ ਅਧਿਕਾਰੀ ਨੇ ਕਿਹਾ ਕਿ ਸੀਆਰਪੀਐਫ ਦੇ ਜਵਾਨ ਐਸਯੂਵੀ ਵਿਚ ਜਾ ਰਹੇ ਸਨ। ਇਸ ਤੋਂ ਬਾਅਦ ਸੁਰੱਖਿਆ ਕਰਮੀਆਂ ਨੇ ਜਵਾਬੀ ਕਾਰਵਾਈ ਕੀਤੀ ਪਰ ਅਤਿਵਾਦੀ ਪਹਾੜੀ ਖੇਤਰ ਦੇ ਜੰਗਲ ਵਿੱਚ ਜਾ ਲੁਕੇ। ਹੁਣ ਤਲਾਸ਼ੀ ਮੁਹਿੰਮ ਚਲਾਈ ਜਾ ਰਹੀ ਹੈ ਅਤੇ ਵਾਧੂ ਸੁਰੱਖਿਆ ਬਲਾਂ ਨੂੰ ਇਲਾਕੇ ਵਿਚ ਪਹੁੰਚਾਇਆ ਗਿਆ ਹੈ। ਇਸ ਵੇਲੇ ਜ਼ਖਮੀ ਸੁਰੱਖਿਆ ਬਲ ਦੇ ਜਵਾਨ ਸਰਕਾਰੀ ਹਸਪਤਾਲ ਵਿਚ ਇਲਾਜ ਅਧੀਨ ਹਨ।

## ਹਰਿਆਣਾ ਵਿੱਚ ਵਾਪਰੀਆਂ ਸੜਕ ਹਾਦਸਾ ਤਿੰਨ ਦੀ ਹੋਈ ਮੌਤ





ਹਿਸਾਰ (ਲੋਕ ਬਾਣੀ)ਇਥੋਂ ਦੇ ਗਗਨ ਖੇੜੀ ਪਿੰਡ ਵਿਚ ਕਾਰ ਦਰੱਖਤ ਨਾਲ ਟਕਰਾਉਣ ਕਾਰਨ ਤਿੰਨ ਦੋਸਤਾਂ ਦੀ ਮੌਤ ਹੋ ਗਈ। ਪੁਲਿਸ ਨੇ ਦੱਸਿਆ ਕਿ ਪਵਨ ਉਰਫ ਪੋਨੀ, ਨੀਸ਼ੂ ਅਤੇ ਜੈਦੀਪ, ਜਿਨ੍ਹਾਂ ਦੀ ਉਮਰ 25 ਸਾਲ ਦੇ ਕਰੀਬ ਸੀ, ਵਿਆਹ ਲਈ ਨਵੇਂ ਕੱਪੜੇ ਖਰੀਦ ਕੇ ਘਰ ਪਰਤ ਰਹੇ ਸਨ, ਜਦੋਂ ਇਹ ਹਾਦਸਾ ਵਾਪਰਿਆ। ਤਿੰਨਾਂ ਨੂੰ ਰਾਹਗੀਰਾਂ ਨੇ ਕਾਰ ਚੋਂ ਬਾਹਰ ਕੱਢਿਆ ਅਤੇ ਹਾਂਸੀ ਦੇ ਸਿਵਲ ਹਸਪਤਾਲ ਲਿਜਾਇਆ ਗਿਆ, ਜਿਥੇ ਡਾਕਟਰਾਂ ਨੇ ਉਨ੍ਹਾਂ ਨੂੰ ਮ੍ਰਿਤਕ ਐਲਾਨ ਦਿੱਤਾ।

## ਦਿੱਲੀ ਦੇ ਹਸਪਤਾਲ ਵਿਚ ਚੱਲੀ ਗੋਲੀ ਇਕ ਦੀ ਹੋਈ ਮੌਤ




ਨਵੀ ਦਿੱਲੀ (ਲੋਕ ਬਾਣੀ) ਦਿੱਲੀ ਦੇ ਜੀ.ਟੀ. ਬੀ. ਹਸਪਤਾਲ ਵਿਚ ਦਿਨ ਦਿਹਾੜੇ ਇਕ ਮਰੀਜ਼ ਦੀ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਗਈ। ਜਾਣਕਾਰੀ ਮੁਤਾਬਿਕ ਰਿਆਜ਼ੁਦੀਨ ਨਾਂਅ ਦਾ ਇਹ 32 ਸਾਲਾ ਰਿਆਜ਼ੁਦੀਨ 23 ਜੂਨ ਤੋਂ ਹਸਪਤਾਲ ਚ ਦਾਖ਼ਲ ਸੀ। ਕਰੀਬ 4 ਵਜੇ ਇਕ ਮੁੰਡਾ ਆਇਆਤੇ ਉਸ ਨੇ ਰਿਜ਼ਾਉਦੀਨ ਨੂੰ ਗੋਲੀ ਮਾਰ ਦਿੱਤੀ, ਜਿਸ ਦੀ ਮੌਕੇ ਤੇ ਹੀ ਮੌਤ ਹੋ ਗਈ।

## ਨੌਜਵਾਨਾਂ ਨੇ ਠੇਕੇ ਦੇ ਕਰਿੰਦੇ ਨੂੰ ਮਾਰੀ ਗੋਲੀ



ਵਾਸ਼ਿੰਗਟਨ , (ਲੋਕ ਬਾਣੀ) ਰਾਜਪੁਰਾ-ਅੰਬਾਲਾ ਬਾਈਪਾਸ ਤੇ ਨਲਾਸ਼ ਮੋੜ ਨੇੜੇ ਸ਼ਰਾਬ ਦੇ ਠੇਕੇ ਤੇ ਕਰਿੰਦੇ ਨੂੰ ਦੋ ਨੌਜਵਾਨਾਂ ਨੇ ਸ਼ਰਾਬ ਦੀ ਬੋਤਲ ਨਾ ਦੇਣ ਨੂੰ ਲੈ ਕੇ ਤਤਕਾਰ ਹੋ ਗਿਆ। ਨੌਜਵਾਨਾਂ ਨੇ ਕਰਿੰਦੇ ਨੂੰ ਗੋਲੀ ਮਾਰੀ ਜਿਸ ਕਾਰਨ ਕਰਿੰਦਾ ਹਰਿੰਦਰ ਸਿੰਘ ਜ਼ਖ਼ਮੀ ਹੋ ਗਿਆ , ਉਸ ਨੂੰ ਰਜਿੰਦਰਾ ਹਸਪਤਾਲ ਦਾਖ਼ਲ ਕੀਤਾ ਗਿਆ ਹੈ ਜਿੱਥੇ ਉਹ ਜੇਰੇ ਇਲਾਜ ਹੈ।

## ਲਖਬੀਰ ਲੰਡਾ ਗੈਂਗ ਦੇ 5 ਮੈਂਬਰ ਹਥਿਆਰਾਂ ਸਮੇਤ ਗ੍ਰਿਫਤਾਰ



ਜਲੰਧਰ (ਲੋਕ ਬਾਣੀ) ਕਮਿਸ਼ਨਰੇਟ ਪੁਲਿਸ ਨੇ ਲਖਬੀਰ ਲੰਡਾ ਗੈਂਗ ਦੇ 5 ਹੋਰ ਮੈਂਬਰ ਗ੍ਰਿਫਤਾਰ ਕਰ ਲਏ ਹਨ। ਉਨ੍ਹਾਂ ਤੋਂ 3 ਪਿਸਤੌਲ ਅਤੇ ਕਾਰਤੂਸ ਜ਼ਬਤ ਕੀਤੇ ਹਨ। ਇਹ ਗੁਆਂਢੀ ਜ਼ਿਲ੍ਹਿਆਂ ਵਿਚ ਕਤਲ ਅਤੇ ਜਬਰੀ ਵਸੂਲੀ ਵਰਗੇ ਘਿਨਾਉਣੇ ਅਪਰਾਧਾਂ ਵਿਚ ਵੀ ਸ਼ਾਮਿਲ ਹਨ।

## ਅੰਮ੍ਰਿਤਸਰ ਅਤੇ ਤਰਨ ਤਾਰਨ ’ਚ ਭਰਵਾਂ ਮੀਂਹ ਪਿਆ



ਅੰਮ੍ਰਿਤਸਰ, () ਅੰਮ੍ਰਿਤਸਰ ਵਿੱਚ ਅੱਜ ਪਏ ਭਰਵੇਂ ਮੀਂਹ ਕਾਰਨ ਸ਼ਹਿਰ ਦੇ ਨੀਵੇਂ ਇਲਾਕਿਆਂ ਵਿੱਚ ਜਲ-ਥਲ ਹੋ ਗਈ। ਮੀਂਹ ਪੈਣ ਤੋਂ ਬਾਅਦ ਤਾਪਮਾਨ ਹੇਠਾਂ ਆਇਆ ਹੈ ਅਤੇ ਲੋਕਾਂ ਨੇ ਗਰਮੀ ਤੇ ਹੁੰਮਸ ਤੋਂ ਰਾਹਤ ਮਹਿਸੂਸ ਕੀਤੀ ਹੈ। ਅੱਜ ਸਵੇਰੇ ਲਗਪਗ ਸੱਤ ਵਜੇ ਮੀਂਹ ਪੈਣਾ ਸ਼ੁਰੂ ਹੋਇਆ ਜੋ ਦੁਪਹਿਰ ਬਾਅਦ ਤੱਕ ਜਾਰੀ ਰਿਹਾ।


# ਪੰਜਾਬ ਚ ਮੁੜ ਵਧਿਆ ਤਾਪਮਾਨ, ਮੁੜ ਸਤਾਉਣ ਲੱਗੀ ਗਰਮੀ




ਚੰਡੀਗੜ੍ਹ: ਪੰਜਾਬ ਚ ਦੋ ਦਿਨਾਂ ਤੋਂ ਸਰਗਰਮ ਮਾਨਸੂਨ ਤੋਂ ਬਾਅਦ ਤਾਪਮਾਨ ਚ ਫਿਰ ਵਾਧਾ ਹੋ ਰਿਹਾ ਹੈ। ਸ਼ੁੱਕਰਵਾਰ ਦੀ ਤੁਲਨਾ ਚ ਸ਼ਨੀਵਾਰ ਸ਼ਾਮ ਨੂੰ ਰਿਕਾਰਡ ਕੀਤੇ ਗਏ ਵੱਧ ਤੋਂ ਵੱਧ ਤਾਪਮਾਨ ਚ ਔਸਤਨ 4 ਡਿਗਰੀ ਸੈਲਸੀਅਸ ਦਾ ਵਾਧਾ ਹੋਇਆ ਹੈ। ਸੂਬੇ ਵਿੱਚ ਸਭ ਤੋਂ ਵੱਧ ਤਾਪਮਾਨ ਪਠਾਨਕੋਟ ਵਿੱਚ 38.1 ਡਿਗਰੀ ਸੈਲਸੀਅਸ ਦਰਜ ਕੀਤਾ ਗਿਆ। ਇਸ ਦੇ ਨਾਲ ਹੀ ਅੱਜ ਯਾਨੀ ਐਤਵਾਰ ਨੂੰ ਪੰਜਾਬ ਦੇ ਕੁਝ ਇਲਾਕਿਆਂ ਚ ਹਲਕੀ ਬਾਰਿਸ਼ ਹੋਣ ਦੀ ਸੰਭਾਵਨਾ ਹੈ।

ਸ਼ਨੀਵਾਰ ਦੀ ਤਰ੍ਹਾਂ ਅੱਜ ਯਾਨੀ ਐਤਵਾਰ ਨੂੰ ਵੀ ਮੌਸਮ ਵਿਗਿਆਨ ਕੇਂਦਰ ਨੇ ਕੁਝ ਇਲਾਕਿਆਂ ਚ ਮੀਂਹ ਪੈਣ ਦੀ ਭਵਿੱਖਬਾਣੀ ਕੀਤੀ ਹੈ। ਪਰ ਅੱਜ ਮੀਂਹ ਦਾ ਕੋਈ ਅਲਰਟ ਜਾਰੀ ਨਹੀਂ ਕੀਤਾ ਗਿਆ ਹੈ। ਮੀਂਹ ਪੈਣ ਦੀਆਂ ਸੰਭਾਵਨਾਵਾਂ ਹਨ, ਪਰ ਇਹ ਸਿਰਫ ਕੁਝ ਖੇਤਰਾਂ ਅਤੇ ਜੇਬ ਮੀਂਹ ਵਾਲੇ ਖੇਤਰਾਂ ਵਿੱਚ ਹੀ ਹੋਵੇਗਾ। ਜਿਸ ਕਾਰਨ ਨਮੀ ਵਧੇਗੀ ਅਤੇ ਲੋਕ ਚਿਪਕਣ ਤੋਂ ਪ੍ਰੇਸ਼ਾਨ ਹੋਣਗੇ।ਮੌਸਮ ਵਿਭਾਗ ਵੱਲੋਂ ਜਾਰੀ ਸੂਚਨਾ ਅਨੁਸਾਰ ਅੱਜ ਅੰਮ੍ਰਿਤਸਰ, ਤਰਨਤਾਰਨ, ਫ਼ਿਰੋਜ਼ਪੁਰ, ਫ਼ਰੀਦਕੋਟ ਅਤੇ ਮੋਗਾ ਵਿੱਚ ਹਲਕੀ ਬਾਰਿਸ਼ ਹੋਣ ਦੀ ਸੰਭਾਵਨਾ ਹੈ। ਸ਼ਨੀਵਾਰ ਦੀ ਗੱਲ ਕਰੀਏ ਤਾਂ ਸੰਭਾਵਨਾ ਦੇ ਬਾਵਜੂਦ ਪੰਜਾਬ ਚ ਕਿਤੇ ਵੀ ਮੀਂਹ ਨਹੀਂ ਪਿਆ।

# ਸਫਲਤਾਪੂਰਵਕ ਕਰਵਾਈ ਗਈ ਪੀ.ਸੀ.ਐਸ. ਲਈ ਰਜਿਸਟਰ-ਸੀ ਅਤੇ ਰਜਿਸਟਰ-ਏ-ਟੂ ਦੀ ਲਿਖਤੀ ਪ੍ਰੀਖਿਆ, 957 ਚੋਂ 750 ਉਮੀਦਵਾਰ ਇਮਤਿਹਾਨ 'ਚ ਬੈਠੇ




ਪਟਿਆਲਾ, 14 ਜੁਲਾਈ: ਪੰਜਾਬ ਪਬਲਿਕ ਸਰਵਿਸ ਕਮਿਸ਼ਨ ਵੱਲੋਂ ਅੱਜ ਪੰਜਾਬ ਸਿਵਲ ਸਰਵਿਸ (ਕਾਰਜਕਾਰੀ) ਦੀ ਕਰਵਾਈ ਗਈ ਲਿਖਤੀ ਪ੍ਰੀਖਿਆ ਸਫਲਤਾ ਪੂਰਵਕ ਸੰਪੰਨ ਹੋਈ। ਪਟਿਆਲਾ ਵਿਖੇ ਲਈ ਗਈ ਇਸ ਪ੍ਰੀਖਿਆ ਸਬੰਧੀ ਪੀ.ਪੀ.ਐਸ.ਸੀ. ਵੱਲੋਂ ਵਿਆਪਕ ਸੁਰੱਖਿਆ ਪ੍ਰਬੰਧਾਂ ਸਮੇਤ ਉਮੀਦਵਾਰਾਂ ਦੀ ਪਛਾਣ ਆਦਿ ਲਈ ਢੁਕਵੇਂ ਸਖ਼ਤ ਪ੍ਰਬੰਧ ਕੀਤੇ ਗਏ ਸਨ।

ਪੰਜਾਬ ਪਬਲਿਕ ਸਰਵਿਸ ਕਮਿਸ਼ਨ ਦੇ ਚੇਅਰਮੈਨ ਜਤਿੰਦਰ ਸਿੰਘ ਔਲਖ ਨੇ ਦੱਸਿਆ ਹੈ ਕਿ ਪੀ.ਸੀ.ਐਸ. ਲਈ ਰਜਿਸਟਰ-ਸੀ ਅਤੇ ਰਜਿਸਟਰ-ਏ-ਟੂ ਦੀ ਪ੍ਰੀਖਿਆ ਅੱਜ ਕਰਵਾਈ ਗਈ ਹੈ, ਜਿਸ ਲਈ ਉਮੀਦਵਾਰਾਂ ਦੀ ਹਾਜਰੀ 79 ਫੀਸਦੀ ਰਹੀ। ਉਨ੍ਹਾਂ ਕਿਹਾ ਕਿ ਇਸ ਪ੍ਰੀਖਿਆ ਲਈ ਕੁਲ 957 ਯੋਗ ਉਮੀਦਵਾਰ ਸਨ ਪ੍ਰੰਤੂ ਇਨ੍ਹਾਂ ਵਿੱਚੋਂ 759 ਉਮੀਦਵਾਰਾਂ ਨੇ ਹੀ ਪੇਪਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਹਰੇਕ ਪ੍ਰੀਖਿਆ ਦੀ ਤਰ੍ਹਾਂ ਪੰਜਾਬ ਲੋਕ ਸੇਵਾ ਕਮਿਸ਼ਨ ਵੱਲੋਂ ਇਸ ਇਮਤਿਹਾਨ ਲਈ ਵੀ ਪਾਰਦਰਸ਼ਤਾ ਪੂਰੀ ਤਰ੍ਹਾਂ ਕਾਇਮ ਰੱਖਣ ਸਮੇਤ ਸੁਰੱਖਿਆ ਦੇ ਵੀ ਪੁਖ਼ਤਾ ਪ੍ਰਬੰਧ ਯਕੀਨੀ ਬਣਾਏ ਗਏ ਸਨ।ਸਕੱਤਰ ਪ੍ਰੀਖਿਆਵਾਂ ਦੇਵਦਰਸ਼ਦੀਪ ਸਿੰਘ ਦਾ ਕਹਿਣਾ ਸੀ ਕਿ ਕਮਿਸ਼ਨ ਕਿਸੇ ਵੀ ਪ੍ਰੀਖਿਆ ਦੇ ਮਾਮਲੇ ਵਿੱਚ ਕਦੇ ਕੋਈ ਸਮਝੌਤਾ ਨਹੀਂ ਕਰਦਾ ਤੇ ਹਰ ਤਰ੍ਹਾਂ ਦੇ ਗੁਪਤਤਾ ਤੇ ਸੁਰੱਖਿਆ ਦੇ ਪ੍ਰੋਟੋਕੋਲ ਦੀ ਪਾਲਣਾ ਸਖਤੀ ਨਾਲ ਕੀਤੀ ਜਾਂਦੀ ਹੈ।

ਇਸੇ ਦੌਰਾਨ ਪ੍ਰੀਖਿਆ ਵਿੱਚ ਬੈਠਣ ਵਾਲੇ ਉਮੀਦਵਾਰਾਂ ਨੇ ਪੀ.ਪੀ. ਐਸ.ਸੀ. ਵੱਲੋਂ ਪੇਪਰ ਲੈਣ ਲਈ ਵਰਤੀ ਗਈ ਸਖਤੀ, ਕੀਤੇ ਗਏ ਸੁਰੱਖਿਆ ਪ੍ਰਬੰਧਾਂ ਲਈ ਕਮਿਸ਼ਨ ਦੀ ਸ਼ਲਾਘਾ ਕੀਤੀ ਹੈ। ਪ੍ਰੋ. ਗੁਰਬਖਸ਼ੀਸ਼ ਸਿੰਘ ਅੰਟਾਲ, ਡੀ.ਐਸ.ਐਸ.ਓ. ਵਰਿੰਦਰ ਸਿੰਘ ਟਿਵਾਣਾ, ਬਠਿੰਡਾ ਤੋਂ ਅਧਿਆਪਕ ਪੁਸ਼ਪੇਸ਼ ਕੁਮਾਰ, ਫਰੀਦਕੋਟ ਤੋਂ ਡੀ.ਐਫ.ਐਸ.ਸੀ ਵੰਦਨਾ ਕੰਬੋਜ, ਫੂਡ ਸਪਲਾਈ ਦੇ ਲਾਅ ਅਫਸਰ ਗੁਰਮੀਤ ਸਿੰਘ, ਸੀ.ਡੀ.ਪੀ.ਓ ਸੁਪ੍ਰੀਤ ਕੌਰ, ਏ.ਸੀ.ਐਫ.ਏ ਰਾਕੇਸ਼ ਕੁਮਾਰ, ਸੁਪਰਡੈਂਟ ਨਵਦੀਪ ਗੁਪਤਾ, ਸਕੂਲ ਪ੍ਰਿੰਸੀਪਲ ਪਰਮਲ ਸਿੰਘ ਤੇ ਭੂਮੀ ਰੱਖਿਆ ਅਫਸਰ ਸੁਨਾਮ ਗੁਰਦੇਵਕ ਸਿੰਘ ਸਮੇਤ ਹੋਰ ਕਈ ਉਮੀਦਵਾਰਾਂ ਨੇ ਪੀ.ਪੀ.ਐਸ.ਸੀ. ਦੀ ਸ਼ਲਾਘਾ ਕਰਦਿਆਂ ਕਿਹਾ ਕਿ ਪੇਪਰ ਪੂਰਾ ਯੂ.ਪੀ.ਐਸ.ਸੀ. ਦੀ ਤਰਜ 'ਤੇ ਵਿਚਾਰਕ (ਕਨਸੈਪਚੁਅਲ), ਵਿਸ਼ਲੇਸ਼ਣਾਤਮਿਕ (ਐਨਾਲਿਟੀਕਲ), ਲੈਂਥੀ ਤੇ ਮੁਕਾਬਲੇ ਵਾਲਾ ਸੀ।ਇਨ੍ਹਾਂ ਉਮੀਦਵਾਰਾਂ ਨੇ ਕਿਹਾ ਕਿ ਪਿਛਲੇ ਦਿਨੀਂ ਏਡੀਓ ਦੇ ਪੇਪਰ ਲੀਕ ਦੀਆਂ ਝੂਠੀਆਂ ਅਫਵਾਹਾਂ ਦੇ ਉਲਟ ਪੀ.ਪੀ.ਐਸ.ਸੀ ਵਲੋਂ ਲਏ ਗਏ ਪੇਪਰ ਦੌਰਾਨ ਪਾਰਦਰਸ਼ਤਾ ਤੇ ਸਖਤੀ ਸਪੱਸ਼ਟ ਨਜ਼ਰ ਆ ਰਹੀ ਸੀ, ਕਿਉਂਕਿ ਤਿੰਨ ਵਾਰ ਵੀਡੀਓਗ੍ਰਾਫੀ ਕਰਵਾਈ ਗਈ ਅਤੇ ਬਾਰਕੋਡ ਸਕੈਨ ਤੇ ਫਿੰਗਰ ਪ੍ਰਿੰਟ ਵੈਰੀਫਾਈ ਕਰਨ ਮਗਰੋਂ ਹੀ ਉਮੀਦਵਾਰਾਂ ਦਾ ਸੈਂਟਰ ਵਿੱਚ ਦਾਖਲਾ ਦਰਸਾਉਂਦਾ ਹੈ ਕਿ ਪੀ.ਪੀ.ਐਸ.ਸੀ ਵਲੋਂ ਮੁਕਾਬਲੇ ਦੇ ਇਮਤਿਹਾਨ ਲੈਣ ਸਮੇਂ ਸੰਘ ਲੋਕ ਸੇਵਾ ਕਮਿਸ਼ਨ ਵਾਲੇ ਨਿਯਮ ਹੂਬਹੂ ਅਪਣਾਏ ਜਾਂਦੇ ਹਨ, ਜੋ ਕਿ ਚੰਗੀ ਗੱਲ ਹੈ, ਇਸ ਨਾਲ ਕਮਿਸ਼ਨ ਪ੍ਰਤੀ ਉਮੀਦਵਾਰਾਂ ਦਾ ਬਣਿਆ ਭਰੋਸਾ ਬਰਕਰਾਰ ਰਹਿੰਦਾ ਹੈ।

# ਪੰਜਾਬ 'ਚ ਲੱਗੇ ਭੂਚਾਲ ਦੇ ਜਬਰਦਸਤ ਝਟਕੇ




ਚੰਡੀਗੜ੍ਹ- ਪੰਜਾਬ ਦੇ ਕੁੱਝ ਇਲਾਕਿਆਂ ਵਿਚ ਭੂਚਾਲ ਦੇ ਝਟਕੇ ਲੱਗਣ ਦੀ ਖ਼ਬਰ ਹੈ। ਮੀਡੀਆ ਰਿਪੋਰਟਾਂ ਦੇ ਮੁਤਾਬਿਕ, ਹਿਮਾਚਲ ਦੇ ਨਾਲ ਲੱਗਦੇ ਹੁਸ਼ਿਆਰਪੁਰ 'ਚ ਭੂਚਾਲ ਦੇ ਝਟਕੇ ਮਹਿਸੂਸ ਕੀਤੇ ਗਏ ਹਨ। ਰਿਕਟਰ ਪੈਮਾਨੇ 'ਤੇ ਭੂਚਾਲ ਦੀ ਤੀਬਰਤਾ 2.6 ਮਾਪੀ ਗਈ। ਇਹ ਭੂਚਾਲ ਗਤੀਵਿਧੀ ਸ਼ਾਮ 4:14 ਵਜੇ ਧਰਤੀ ਤੋਂ ਦਸ ਕਿਲੋਮੀਟਰ ਹੇਠਾਂ ਹਿਲਜੁਲ ਕਾਰਨ ਦਰਜ ਕੀਤੀ ਗਈ ਹੈ। ਤੀਬਰਤਾ ਜ਼ਿਆਦਾ ਨਾ ਹੋਣ ਕਾਰਨ ਇਸ ਦੇ ਝਟਕੇ ਛੋਟੇ-ਛੋਟੇ ਇਲਾਕਿਆਂ 'ਚ ਹੀ ਮਹਿਸੂਸ ਕੀਤੇ ਗਏ।ਭੂਚਾਲ ਦੀ ਤੀਬਰਤਾ 2.3 ਦਰਜ ਕੀਤੀ ਗਈ ਹੈ। ਕਿਸੇ ਵੀ ਤਰ੍ਹਾਂ ਦਾ ਜਾਨੀ ਜਾਂ ਮਾਲੀ ਨੁਕਸਾਨ ਨਹੀਂ ਹੋਇਆ ਹੈ। ਧਰਤੀ ਦੇ ਪੰਜ ਕਿਲੋਮੀਟਰ ਹੇਠਾਂ ਇੱਕ ਅੰਦੋਲਨ ਹੋਇਆ ਹੈ। ਭੂਚਾਲ ਦਾ ਕੇਂਦਰ ਝੱਜਰ ਸ਼ਹਿਰ ਤੋਂ 10 ਕਿਲੋਮੀਟਰ ਉੱਤਰ ਵਿੱਚ ਅਤੇ ਨਵੀਂ ਦਿੱਲੀ ਤੋਂ 53 ਕਿਲੋਮੀਟਰ ਪੱਛਮ ਵਿੱਚ ਸੀ।

# ਪੰਜਾਬ ਚ ਪੁਲਿਸ ਤੇ ਬਦਮਾਸ਼ਾਂ ਵਿਚਾਲੇ ਐਨਕਾਊਂਟਰ, ਕਰਾਸ ਫਾਇਰਿੰਗ ਚ ਬਦਮਾਸ਼ ਨੂੰ ਲੱਗੀ ਗੋਲੀ, ਦੋ ਕਾਬੂ




ਚੰਡੀਗੜ੍ਹ: ਪੰਜਾਬ ਦੇ ਮੋਹਾਲੀ ਦੇ ਬਨੂੜ ਨੇੜੇ ਪੁਲਿਸ ਅਤੇ ਗੈਂਗਸਟਰ ਵਿਚਾਲੇ ਮੁਕਾਬਲਾ ਹੋਇਆ ਹੈ। ਸ਼ੁਰੂਆਤੀ ਜਾਣਕਾਰੀ ਅਨੁਸਾਰ ਇੱਕ ਬਦਮਾਸ਼ ਨੂੰ ਗੋਲੀ ਲੱਗ ਗਈ ਹੈ। ਕਰਾਸ ਫਾਇਰਿੰਗ ਤੋਂ ਬਾਅਦ ਪੁਲਿਸ ਨੇ ਦੋ ਬਦਮਾਸ਼ ਨੂੰ ਕਾਬੂ ਕਰ ਲਿਆ ਹੈ। ਦੱਸਿਆ ਜਾ ਰਿਹਾ ਹੈ ਕਿ ਉਹ ਵਿਦੇਸ਼ ਚ ਰਹਿੰਦੇ ਗੈਂਗਸਟਰ ਦੇ ਇਸ਼ਾਰੇ ਤੇ ਵਾਰਦਾਤਾਂ ਕਰਦਾ ਸੀ। ਉਸ ਕੋਲੋਂ ਹਥਿਆਰ ਵੀ ਬਰਾਮਦ ਹੋਏ ਹਨ। ਪਤਾ ਲੱਗਾ ਹੈ ਕਿ ਇਸ ਗੈਂਗਸਟਰ ਨੇ ਪਟਿਆਲਾ ਵਿੱਚ ਦੋ ਵਾਰਦਾਤਾਂ ਕੀਤੀਆਂ ਹਨ।

ਪੁਲਿਸ ਜਾਣਕਾਰੀ ਅਨੁਸਾਰ ਦੋਵਾਂ ਨੇ ਦੇਰ ਰਾਤ ਪਟਿਆਲਾ ਦੇ ਰਾਜਪੁਰਾ ਨੇੜੇ ਟੋਲ ਪਲਾਜ਼ਾ ਤੇ ਗੋਲੀਆਂ ਚਲਾਈਆਂ ਸਨ। ਇਸ ਤੋਂ ਬਾਅਦ ਸ਼ਰਾਬ ਦੇ ਠੇਕੇ ਤੇ ਵੀ ਗੋਲੀਆਂ ਚਲਾਈਆਂ ਗਈਆਂ। ਪੁਲੀਸ ਨੇ ਮੁਹਾਲੀ ਤੋਂ ਵਾਪਸ ਆਉਂਦੇ ਸਮੇਂ ਉਸ ਦਾ ਪਿੱਛਾ ਕੀਤਾ। ਇਹ ਦੇਖ ਕੇ ਉਸ ਨੇ ਪੁਲਸ ਤੇ ਗੋਲੀਆਂ ਚਲਾ ਦਿੱਤੀਆਂ। ਜਿਸ ਤੋਂ ਬਾਅਦ ਜਵਾਬੀ ਗੋਲੀਬਾਰੀ ਚ ਇਕ ਗੈਂਗਸਟਰ ਜ਼ਖਮੀ ਹੋ ਗਿਆ। ਇਸ ਤੋਂ ਬਾਅਦ ਪੁਲਿਸ ਨੇ ਦੋਵਾਂ ਨੂੰ ਕਾਬੂ ਕਰ ਲਿਆ। ਇਨ੍ਹਾਂ ਕੋਲੋਂ ਇੱਕ ਰਿਵਾਲਵਰ ਅਤੇ ਇੱਕ ਪਿਸਤੌਲ ਬਰਾਮਦ ਹੋਇਆ ਹੈ। ਐਂਟੀ ਗੈਂਗਸਟਰ ਟਾਸਕ ਫੋਰਸ (ਏਜੀਟੀਐਫ) ਦੀ ਟੀਮ ਇਸ ਕਾਰਵਾਈ ਦੀ ਅਗਵਾਈ ਕਰ ਰਹੀ ਹੈ। ਜਿਸ ਵਿੱਚ ਪਟਿਆਲਾ ਪੁਲਿਸ ਵੀ ਸ਼ਾਮਿਲ ਹੈ। ਪੂਰੇ ਇਲਾਕੇ ਨੂੰ ਸੀਲ ਕਰ ਦਿੱਤਾ ਗਿਆ ਹੈ। ਅਧਿਕਾਰੀ ਜਲਦੀ ਹੀ ਪੂਰੀ ਜਾਣਕਾਰੀ ਦੇਣਗੇ।

# ਬਾਬਾ ਸੁਖਵਿੰਦਰ ਸਿੰਘ ਜੀ ਆਲੋਵਾਲ ਨੰਗਲ ਬੇਟ ਵਾਲਿਆਂ ਨੂੰ ਭਾਰਤੀ ਕਿਸਾਨ ਮਜ਼ਦੂਰ ਯੂਨੀਅਨ ਦਾ ਕੋਰ ਕਮੇਟੀ ਮੈਂਬਰ ਭਾਰਤ ਲਾਇਆ ਗਿਆ ਹੈ



ਲੁਧਿਆਣਾ (ਸੁਖਚੈਨ ਮਹਿਰਾ) ਭਾਰਤੀ ਕਿਸਾਨ ਮਜ਼ਦੂਰ ਯੂਨੀਅਨ ਪੰਜਾਬ ਦੀ ਮੀਟਿੰਗ ਸੂਬਾ ਪ੍ਰਧਾਨ ਦਿਲਬਾਗ ਸਿੰਘ ਗਿੱਲ ਜੀ ਦੀ ਰੇਹਨੁਮਾਈ ਵਿਚ ਹੋਇ,ਜਿਸ ਵਿੱਚ ਰਾਸ਼ਟਰੀ ਪ੍ਰਧਾਨ ਮਨਜੀਤ ਸਿੰਘ ਘੁਮਾਣਾ ਵਿਸ਼ੇਸ਼ ਤੋਰ ਤੇ ਹਾਜਰ ਰਹੇ,ਭਾਰਤੀ ਕਿਸਾਨ ਮਜ਼ਦੂਰ ਯੂਨੀਅਨ ਦੇ ਸਟੇਟ ਸੂਬਾ ਸੀਨੀਅਰ ਮੀਤ ਪ੍ਰਧਾਨ ਅਮਰੀਕ ਸਿੰਘ ਸੀਕਰੀ,ਕਿਸਾਨ ਆਗੁ ਸੁਖਦੇਵ ਸਿੰਘ ਮੰਗਲੀ,ਕਿਸਾਨ ਆਗੁ ਬੂਟਾ ਸਿੰਘ,ਸੂਬਾ ਸਕੱਤਰ ਬਲਕਾਰ ਸਿੰਘ ਬੈਂਸ,ਸੂਬਾ ਜਨਰਲ ਸਕੱਤਰ ਅਤੇ ਦਫ਼ਤਰ ਇੰਚਾਰਜ ਪੰਜਾਬ ਸ ਮਨਜੀਤ ਸਿੰਘ ਅਰੋੜਾ,ਸੂਬਾ ਮੀਤ ਪ੍ਰਧਾਨ ਫਤਿਹ ਚੰਦ ਖੋਸਲਾ,ਸੂਬਾ ਮੀਤ ਪ੍ਰਧਾਨ ਅਮਰਜੀਤ ਸਿੰਘ ਭੱਟੀ,ਜ਼ਿਲਾ ਸਕੱਤਰ ਲੁਧਿਆਣਾ ਕ੍ਰਿਪਾਲ ਸਿੰਘ ਸਹਾਰਾ ਤੇ ਹੋਰ ਵੀ ਓਹਦੇਦਾਰ ਤੇ ਸਟੇਟ ਬਾਡੀ ਮੈਂਬਰ, ਜ਼ਿਲ੍ਹਾ ਪ੍ਰਧਾਨ,ਹਾਜ਼ਰ ਹੋਏ ਜਿਸ ਵਿੱਚ ਦੋ ਮੁੱਦੇ ਵਿਚਾਰੇ ਗਏ ਇੱਕ ਦਿੱਲੀ ਜਾਣ ਦਾ ਤੇ ਦੂਜਾ ਭਾਈ ਅੰਮ੍ਰਿਤਪਾਲ ਨੂੰ ਜੇਲ ਤੋਂ ਬਾਹਰ ਲਿਆਉਣ ਦਾ ਇਹਨਾਂ ਦੋਨਾਂ ਤੇ ਸਹਿਮਤੀ ਨਾਲ ਮਤੇ ਪਾਸ ਕੀਤੇ ਗਏ ਨਾਲ ਸੰਤ ਬਾਬਾ ਸੁਖਵਿੰਦਰ ਸਿੰਘ ਜੀ ਆਲੋਵਾਲ ਨੰਗਲ ਬੇਟ ਵਾਲਿਆਂ ਨੂੰ ਭਾਰਤੀ ਕਿਸਾਨ ਮਜ਼ਦੂਰ ਯੂਨੀਅਨ ਦਾ ਮੈਂਬਰ ਕੋਰ ਕਮੇਟੀ ਭਾਰਤ ਲਾਇਆ ਗਿਆ ਹੈ

# ਗੁਰੂ ਨਗਰੀ ਸ਼੍ਰੀ ਅਨੰਦਪੁਰ ਸਾਹਿਬ ਵਿਖੇ ਕੈਲਾਸ਼ ਜਿਮ ਅਤੇ ਫਿਟਨੈਸ ਜ਼ੋਨ ਦੀ ਹੋਈ ਸ਼ੁਰੂਆਤ




ਸ੍ਰੀ ਅਨੰਦਪੁਰ ਸਾਹਿਬ, (ਦਵਿੰਦਰਪਾਲ ਸਿੰਘ) ਨੌਜਵਾਨਾਂ ਨੂੰ ਸਿਹਤ ਪ੍ਰਤੀ ਜਾਗਰੂਕ ਕਰਨ ਅਤੇ ਨਸ਼ੇ ਜਹੀ ਅਲਾਮਤ ਤੋਂ ਦੂਰ ਕਰਨ ਵਾਸਤੇ ਕੈਲਾਸ਼ ਹਸਪਤਾਲ ਦੇ ਐਮਡੀ ਡਾਕਟਰ ਸੌਰਭ ਸ਼ਰਮਾ ਵੱਲੋਂ ਸ੍ਰੀ ਆਨੰਦਪੁਰ ਸਾਹਿਬ ਵਿਖੇ ਸਿੱਖ ਮਿਸ਼ਨਰੀ ਕਾਲਜ ਦੇ ਨਾਲ ਕੈਲਾਸ਼ ਜਿਮ ਅਤੇ ਫਿੱਟਨੈੱਸ ਜੋਨ ਦੀ ਸ਼ੁਰੂਆਤ ਕੀਤੀ ਗਈ। ਜਿਮ ਦੀ ਸ਼ੁਰੂਆਤ ਡਾਕਟਰ ਸੌਰਭ ਸ਼ਰਮਾ ਦੇ ਮਾਤਾ ਪਿਤਾ ਵੱਲੋਂ ਰਿਬਨ ਕੱਟ ਕੇ ਕੀਤੀ ਗਈ। ਇਸ ਮੌਕੇ ਇਲਾਕੇ ਦੇ ਪਤਵੰਤੇ ਸੱਜਣ ਵੀ ਮੌਜੂਦ ਰਹੇ। ਉਨਾਂ ਦੀ ਮੰਨੀਏ ਤਾਂ ਉਨਾਂ ਦਾ ਕਹਿਣਾ ਹੈ। ਕਿ ਸ਼ੁਰੂ ਤੋਂ ਹੀ ਉਨਾਂ ਦੀ ਦਿਲੀ ਇੱਛਾ ਸੀ ਕਿ ਨੌਜਵਾਨਾਂ ਨੂੰ ਸਰੀਰਕ ਪੱਖੋਂ ਮਜਬੂਤ ਬਣਾਉਣ ਦੇ ਨਾਲ ਨਾਲ ਉਨਾਂ ਨੂੰ ਮਾਨਸਿਕ ਤੌਰ ਤੇ ਵੀ ਮਜਬੂਤ ਬਣਾਇਆ ਜਾਵੇ। ਤਾਂ ਕਿ ਇਸ ਮੁਕਾਬਲੇ ਦੇ ਦੌਰ ਵਿੱਚ ਉਹ ਆਪਣੇ ਆਪ ਨੂੰ ਅੱਗੇ ਰੱਖ ਸਕਣ ਕਿਉਂਕਿ ਅਗਰ ਤੁਹਾਡਾ ਸਰੀਰ ਤੰਦਰੁਸਤ ਅਤੇ ਬਲਸ਼ਾਲੀ ਹੈ ਤੇ ਮਾਨਸਿਕ ਪੱਖੋਂ ਵੀ ਤੁਸੀਂ ਮਜਬੂਤ ਹੋ ਤਾਂ ਤੁਸੀਂ ਹਰ ਉਸ ਕੰਮ ਵਿੱਚ ਵੱਧ ਚੜ ਕੇ ਹਿੱਸਾ ਲੇ ਕਾਮਯਾਬ ਹੋ ਸਕਦੇ ਹੋ ਜੋ ਤੁਸੀਂ ਕਰਦੇ ਹੋ। ਇਸ ਮੌਕੇ ਇਲਾਕੇ ਦੇ ਪਤਵੰਤੇ ਸੱਜਣਾਂ ਵੱਲੋਂ ਡਾਕਟਰ ਸੌਰਭ ਸ਼ਰਮਾ ਨੂੰ ਫਿਟਨੈਸ ਜੋਨ ਖੋਲਣ ਤੇ ਵਧਾਈ ਦਿੱਤੀ ਗਈ। ਇਸ ਮੌਕੇ ਕੈਲਾਸ਼ ਜਿਮ ਅਤੇ ਫਿਟਨਸ ਜੋਨ ਦੀ ਓਪਨਿੰਗ ਸਮੇਂ ਦੋ ਵਾਰ ਏਸ਼ੀਆ ਵਿਜੇਤਾ ਰਹੇ ਰਾਜਪੂਤ ਸੀਪਾ ਤੇ ਵਰਲਡ ਚੈਂਪੀਅਨਸ਼ਿਪ ਖੇਲ ਕੇ ਆਏ ਦੌਜੀ ਪ੍ਰਭਾਕਰ ਵੀ ਵਿਸ਼ੇਸ਼ ਰੂਪ ਵਿੱਚ ਪਹੁੰਚੇ ਜਿਨਾਂ ਨੇ ਨੌਜਵਾਨਾਂ ਨੂੰ ਸਿਹਤ ਪ੍ਰਤੀ ਸੁਝਾਵ ਦਿੱਤੇ ਇਸ ਮੌਕੇ ਡਾਕਟਰ ਪੀਜੇਐਸ ਕੰਗ, ਡਾਕਟਰ ਟੀ ਬੀ ਸਿੰਘ, ਇੰਸਪੈਕਟਰ ਹਰਕੀਰਤ ਸਿੰਘ ਸੈਣੀ,ਨਗਰ ਕੌਂਸਲ ਦੇ ਪ੍ਰਧਾਨ ਹਰਜੀਤ ਸਿੰਘ ਜੀਤਾ, ਵਪਾਰ ਮੰਡਲ ਦੇ ਪ੍ਰਧਾਨ ਇੰਦਰਜੀਤ ਸਿੰਘ ਅਰੋੜਾ, ਐਸਐਚ ਓ ਦਾਨਿਸ਼ਵੀਰ ਸਿੰਘ, ਲੰਬੜਦਾਰ ਇੰਦਰਜੀਤ ਸਿੰਘ ਮਿੰਟੂ, ਕੌਂਸਲ ਕਮਲਦੀਪ,ਦਵਿੰਦਰ ਸਿੰਘ ਰਾਣਾ ਕੁਲਦੀਪ ਪਾਠਕ, ਸਾਬਕਾ ਕੌਂਸਲਰ ਨਰਿੰਦਰ ਸੈਣੀ, ਐਡਵੋਕੇਟ ਅਖਿਲ ਕੌਸ਼ਲ ਆਦਿ ਹਾਜਰ ਸਨ

# 75ਵੇਂ ਵਣ ਮਹਾਂਉਤਸਵ ਮੌਕੇ ਬੂਟੇ ਲਗਾਓ, ਲੋਕਾਂ ਨੂੰ ਆਲਮੀ ਤਪਸ ਤੋਂ ਬਚਾਉ




ਬਰਨਾਲਾ ( ਸੁਖਵਿੰਦਰ ਸਿੰਘ ਭੰਡਾਰੀ) ਬਰਨਾਲਾ ਦੇ ਪ੍ਰਸਿੱਧ ਵਾਤਵਰਣ ਪ੍ਰੇਮੀ ਹਰਬੰਸ ਸਿੰਘ ਸੰਘੇੜਾ ਸੇਵਾ ਮੁਕਤ ਅਧਿਆਪਕ ਨੇ ਮਨੁੱਖਤਾ ਨੂੰ ਬਚਾਉਣ ਲਈ ਵੱਧ ਤੋਂ ਵੱਧ ਬੂਟੇ ਲਾਉਣ ਲਈ ਲੋਕਾਂ ਨੂੰ ਅੱਗੇ ਆਉਣ ਦਾ ਸੱਦਾ ਦਿੱਤਾ ਹੈ। ਉਨ੍ਹਾਂ ਕਿਹਾ ਕਿ ਦਿਨੋਂ-ਦਿਨ ਵਧ ਰਹੇ ਪ੍ਰਦੂਸ਼ਣ ਅਤੇ ਆਲਮੀ ਤਪਸ਼ ਤੋਂ ਬਚਣ ਲਈ ਬੂਟੇ ਲਗਾਓ ਅਤੇ ਪਾਣੀ ਬਚਾਉ ਮੁਹਿੰਮ ਚਲਾਉਣੀ ਜ਼ਰੂਰੀ ਹੈ। ਬੂਟੇ ਲਗਾ ਕੇ ਅਤੇ ਉਨ੍ਹਾਂ ਦਾ ਪਾਲਣ ਪੋਸ਼ਣ ਕਰਕੇ ਹੀ ਅਸੀ ਧਰਤੀ ਨੂੰ ਗਲੋਬਲ ਵਾਰਮਿੰਗ ਤੋਂ ਬਚਾ ਸਕਦੇ ਹਾਂ। ਉਨ੍ਹਾਂ ਕਿਹਾ ਕਿ ਮਨੁੱਖਾਂ ਵੱਲੋਂ ਕੀਤੀ ਜਾ ਰਹੀ ਰੁੱਖਾਂ ਦੀ ਕਟਾਈ ਵਰਗੀਆਂ ਆਪਣੀਆਂ ਗਲਤੀਆਂ ਕਾਰਨ ਵਾਤਾਵਰਣ , ਪਾਣੀ ਤੇ ਹੋਰ ਕੁਦਰਤੀ ਸੋਮੇ ਦਿਨੋਂ-ਦਿਨ ਪਲੀਤ ਹੁੰਦੇ ਜਾ ਰਹੇ ਹਨ।

ਵਾਤਾਵਰਣ ਦੇ ਪ੍ਰਦੂਸ਼ਣ ਨਾਲ ਜਿਥੇ ਮਨੁੱਖੀ ਜੀਵਨ ਤੇ ਗਹਿਰਾ ਅਸਰ ਪੈ ਰਿਹਾ ਹੈ ਉਥੇ ਧਰਤੀ ਤੇ ਰਹਿ ਰਹੇ ਬਹੁਤ ਸਾਰੇ

ਪੰਛੀ ਤੇ ਪ੍ਰਾਣੀ ਜਗਤ ਦੀਆਂ ਸੈਂਕੜੇ ਪ੍ਰਜਾਤੀਆਂ ਅਲੋਪ ਹੋ ਚੁੱਕੀਆਂ ਹਨ। ਉਨ੍ਹਾਂ ਅੱਗੇ ਕਿਹਾ ਕਿ ਕਿਸਾਨਾਂ ਵੱਲੋਂ ਆਪਣੀ ਫ਼ਸਲ ਦੀ ਰਹਿੰਦ-ਖੂੰਹਦ ਨੂੰ ਅੱਗ ਲਗਾਉਣ ਨਾਲ ਜਿਥੇ ਵਾਹੀਯੋਗ ਜ਼ਮੀਨ ਦੇ ਪੌਸ਼ਟਿਕ ਤੱਤ ਖਤਮ ਹੋ ਰਹੇ ਹਨ। ਉਥੇ ਖੇਤਾਂ ਕਿਨਾਰੇ ਲੱਗੇ ਦਰਖੱਤ ਵੀ ਝੁਲਸ ਕੇ ਸੁੱਕ ਜਾਂਦੇ ਹਨ । ਉਨ੍ਹਾਂ ਕਿਹਾ ਕਿ ਮੌਨਸੂਨ ਰੁੱਤ (ਮੀਂਹ ਦਾ ਮੌਸਮ) ਬੂਟੇ ਲਾਉਣ ਲਈ ਢੁਕਵਾਂ ਅਤੇ ਉਚਿਤ ਸਮਾਂ ਹੈ। ਇਸ ਲਈ ਹਰ ਵਿਅਕਤੀ ਘੱਟੋ ਘੱਟ 5-5 ਬੂਟੇ ਜ਼ਰੂਰ ਲਾਵੇ ਤਾਂ ਜੋ ਵਾਤਾਵਰਣ ਨੂੰ ਪ੍ਰਦੂਸ਼ਿਤ ਹੋਣ ਤੋਂ ਰੋਕਿਆ ਜਾ ਸਕੇ।

# ਭਾਰਤੀ ਕਿਸਾਨ ਮਜ਼ਦੂਰ ਯੂਨੀਅਨ ਪੰਜਾਬ ਦੀ ਮੀਟਿੰਗ ਸੂਬਾ ਪ੍ਰਧਾਨ ਦਿਲਬਾਗ਼ ਸਿੰਘ ਗਿੱਲ ਦੀ ਪ੍ਰਧਾਨਗੀ ਹੇਠ ਹੋਈ




ਲੁਧਿਆਣਾ (ਸੁਖਚੈਨ ਮਹਿਰਾ)ਭਾਰਤੀ ਕਿਸਾਨ ਮਜ਼ਦੂਰ ਯੂਨੀਅਨ ਪੰਜਾਬ ਦੀ ਮੀਟਿੰਗ ਸੂਬਾ ਪ੍ਰਧਾਨ ਦਿਲਬਾਗ਼ ਸਿੰਘ ਗਿੱਲ ਦੀ ਪ੍ਰਧਾਨਗੀ ਹੇਠ ਹੋਈ ਜਿਸ ਵਿੱਚ ਰਾਸ਼ਟਰੀ ਪ੍ਰਧਾਨ ਮਨਜੀਤ ਸਿੰਘ ਘੁਮਾਣਾ ਵਿਸ਼ੇਸ਼ ਤੌਰ ਤੇ ਹਾਜ਼ਰ ਰਹੇ ਮੀਟਿੰਗ ਦੇ ਵਿੱਚ ਦੋ ਮੁੱਦਿਆਂ ਤੇ ਵਿਚਾਰ ਕੀਤੀ ਗਈ ਜਿਨਾਂ ਵਿੱਚ ਮਾਣਯੋਗ ਹਾਈਕੋਰਟ ਵੱਲੋਂ ਹਰਿਆਣਾ ਸਰਕਾਰ ਨੂੰ ਅੱਠ ਦਿਨਾਂ ਦੇ ਅੰਦਰ ਅੰਦਰ ਨੋਟਿਸ ਦੇ ਕੇ ਸੜਕ ਖਾਲੀ ਕਰਨ ਲਈ ਕਿਹਾ ਗਿਆ ਤੇ ਕਿਸਾਨ ਦਿੱਲੀ ਨੂੰ ਜਾਣ ਦੀ ਤਿਆਰੀ ਲਈ ਭਾਰਤੀ ਕਿਸਾਨ ਮਜ਼ਦੂਰ ਯੂਨੀਅਨ ਪੂਰੀ ਚੜਦੀ ਕਲਾ ਵਿੱਚ ਜਾਵੇਗੀ ਅਤੇ ਦੂਜਾ ਮੁੱਦਾ ਅੰਮ੍ਰਿਤਪਾਲ ਸਿੰਘ ਖਾਲਸਾ ਜੋ ਕਿ ਇਸ ਸਮੇਂ ਡਿਬਰੂਗੜ੍ਹ ਜੇਲ ਦੀ ਵਿੱਚ ਬੰਦ ਹਨ ਜਿਨਾਂ ਨੂੰ ਲੋਕਾਂ ਨੇ ਹਲਕਾ ਖਡੂਰ ਸਾਹਿਬ ਤੋਂ ਲਗਭਗ ਪੰਜ ਲੱਖ ਵੋਟਾਂ ਪਾ ਕੇ ਮੈਂਬਰ ਪਾਰਲੀਮੈਂਟ ਬਣਾਇਆ ਹੈ ਔਰ ਉਹਨਾਂ ਨੇ ਸੰਵਿਧਾਨ ਅਨੁਸਾਰ ਆਪਣੇ ਅਹੁਦੇ ਦੀ ਸੋਹ ਚੁੱਕ ਲਈ ਹੈ ਫਿਰ ਵੀ ਸਰਕਾਰ ਨੇ ਉਹਨਾਂ ਨੂੰ ਜੇਲ ਚੋਂ ਬਾਹਰ ਕੱਢਣ ਲਈ ਕੋਈ ਉਪਰਾਲਾ ਨਹੀਂ ਕੀਤਾ ਇਸ ਦੇ ਨਾਲ ਹਲਕਾ ਖਡੂਰ ਸਾਹਿਬ ਦਾ ਵੱਡਾ ਨੁਕਸਾਨ ਹਲਕਾ ਵਿਕਾਸ ਪੱਖੂ ਤੇ ਜੋ ਐਮਪੀ ਵੱਲੋਂ ਕੀਤੇ ਜਾਣੇ ਕੰਮ ਹੁੰਦੇ ਹਨ ਉਹਨਾਂ ਤੋਂ ਅਧੂਰਾ ਰਹਿ ਜਾਵੇਗਾ ਪਰ ਸਰਕਾਰਾਂ ਨੇ ਪਹਿਲਾਂ ਵੀ ਕਈ ਵਿਸ਼ੇਸ਼ ਵਿਅਕਤੀਆਂ ਨੂੰ ਜੇਲਾਂ ਦੇ ਅੰਦਰ ਇਲੈਕਸ਼ਨ ਲੜੀ ਤਾਂ ਉਹਨਾਂ ਨੂੰ ਬਾਅਦ ਜਿੱਤਣ ਤੋਂ ਬਾਅਦ ਬਾਹਰ ਕੱਢਿਆ ਗਿਆ ਇਸੇ ਤਰ੍ਹਾਂ ਭਾਈ ਅੰਮ੍ਰਿਤਪਾਲ ਨੂੰ ਬਾਹਰ ਕਢਾਉਣ ਲਈ ਭਾਰਤੀ ਕਿਸਾਨ ਮਜ਼ਦੂਰ ਯੂਨੀਅਨ ਵੱਲੋਂ 30 ਜੁਲਾਈ ਨੂੰ ਦਰਬਾਰ ਸਾਹਿਬ ਮੱਥਾ ਟੇਕ ਕੇ ਅਰਦਾਸ ਕਰਾ ਕੇ ਅੰਮ੍ਰਿਤਸਰ ਦੇ ਡੀਸੀ ਨੂੰ ਪਹਿਲਾਂ ਮੰਗ ਪੱਤਰ ਦਿੱਤਾ ਜਾਵੇਗਾ ਤਾਂ ਜੋ ਸੰਵਿਧਾਨ ਦੇ ਅਨੁਸਾਰ ਕਾਨੂੰਨ ਮੁਤਾਬਕ ਉਹਨਾਂ ਨੂੰ ਬਾਹਰ ਕੱਢਿਆ ਜਾਵੇ ਅਤੇ ਜਿਹੜਾ ਉਹਦੇ ਭਰਾ ਦੇ ਉੱਪਰ ਕੱਲ ਪੁਲਿਸ ਵੱਲੋਂ ਕੇਸ ਪਾਇਆ ਗਿਆ ਇਹ ਸਰਾਸਰ ਝੂਠਾ ਹੈ ਇਹ ਸਰਕਾਰ ਸਿੱਖ ਕੌਮ ਦੀ ਕਿਰਦਾਰ ਕੁਸ਼ੀ ਕਰ ਰਹੀ ਆ ਜੋ ਸਾਨੂੰ ਕਦੇ ਵੀ ਮਨਜ਼ੂਰ ਨਹੀਂ ਹੋਵੇਗੀ ਇਸ ਦਾ ਵੀ ਅਸੀਂ ਵਿਰੋਧ ਕਰਦੇ ਆ ਇਸ ਮੌਕੇ ਤੇ ਭਾਰਤੀ ਕਿਸਾਨ ਮਜ਼ਦੂਰ ਯੂਨੀਅਨ ਦੇ ਸਟੇਟ ਸੂਬਾ ਸੀਨੀਅਰ ਮੀਤ ਪ੍ਰਧਾਨ ਅਮਰੀਕ ਸਿੰਘ ਸੀਕਰੀ,ਕਿਸਾਨ ਆਗੁ ਸੁਖਦੇਵ ਸਿੰਘ ਮੰਗਲੀ,ਕਿਸਾਨ ਆਗੁ ਬੂਟਾ ਸਿੰਘ,ਸੂਬਾ ਸਕੱਤਰ ਬਲਕਾਰ ਸਿੰਘ ਬੈਂਸ,ਸੂਬਾ ਜਨਰਲ ਸਕੱਤਰ ਅਤੇ ਦਫ਼ਤਰ ਇੰਚਾਰਜ ਪੰਜਾਬ ਸ ਮਨਜੀਤ ਸਿੰਘ ਅਰੋੜਾ,ਸੂਬਾ ਮੀਤ ਪ੍ਰਧਾਨ ਫਤਿਹ ਚੰਦ ਖੋਸਲਾ,ਸੂਬਾ ਮੀਤ ਪ੍ਰਧਾਨ ਅਮਰਜੀਤ ਸਿੰਘ ਭੱਟੀ,ਜ਼ਿਲਾ ਸਕੱਤਰ, ਸੁਰਿੰਦਰ ਸਿੰਘ ਪਵਾਰ ,ਲੁਧਿਆਣਾ ਕ੍ਰਿਪਾਲ ਸਿੰਘ ਸਹਾਰਾ ਤੇ ਹੋਰ ਵੀ ਓਹਦੇਦਾਰ ਤੇ ਸਟੇਟ ਬਾਡੀ ਮੈਂਬਰ,ਜਿਲਾ ਪ੍ਰਧਾਨ ਬੀਬੀਆਂ ਸਾਰੇ ਹੀ ਹਾਜ਼ਰ ਹੋਏ।

# 12 ਬੋਤਲਾ ਸਮੇਤ ਅਰੋਪੀ ਗ੍ਰਿਫਤਾਰ

ਸਹੀਦ ਭਗਤ ਸਿੰਘ ਨਗਰ (ਰਮੇਸ ਸਰਮਾ/ਮਨਪ੍ਰੀਤ ਵਾਸੂ) ਧਰਮ ਚੰਦ ਥਾਣਾ ਸਦਰ ਨਵਾਸ਼ਹਿਰ ਵੱਲੋ ਦਰਜ ਰਜਿਸਟਰ ਕੀਤਾ ਗਿਆ ਕਿ ਉਹ ਸਮੇਤ ਸਾਥੀ ਕਰਮਚਾਰੀਆ ਦੇ ਬ੍ਰਾਏ ਕਰਨੇ ਗਸ਼ਤ ਬਾ ਚੈਕਿੰਗ ਸ਼ੱਕੀ ਪੁਰਸ਼ਾਂ,ਸ਼ੱਕੀ ਵਹੀਕਲਾਂ ਦੇ ਸਬੰਧ ਵਿੱਚ ਥਾਣਾ ਤੇ ਲੰਗੜੋਆ ਸਾਈਡ ਜਾ ਰਹੇ ਸੀ ਤਾਂ ਵਕਤ ਕਰੀਬ 3:50 ਦਾ ਹੋਵੇਗਾ ਜਦੋਂ ਪੁਲਿਸ ਪਾਰਟੀ ਮੇਨ ਹਾਈਵੇ ਲੰਗੜੋਆ ਤੋਂ ਬੰਗਾ ਸਾਈਡ ਮੁੜੀ ਤਾਂ ਸਾਹਮਣੇ ਤੇ ਇੱਕ ਭਾਰੀ ਜਿਹੀ ਔਰਤ ਇੱਕ ਵਜਨਦਾਰ ਥੈਲਾ ਪਲਾਸਟਿਕ ਰੰਗ ਚਿੱਟਾ ਲਾਗੇ ਖੜੀ ਦਿਖਾਈ ਦਿੱਤੀ ਜਿਸ ਨੂੰ ਗੱਡੀ ਰੋਕ ਕੇ ਨਾਮ ਪਤਾ ਪੁੱਛਿਆ ਜਿਸ ਨੇ ਆਪਣਾ ਨਾਮ ਊਸਾ ਰਾਣੀ ਉਰਫ ਭੋਲੀ ਪਤਨੀ ਬੱਬੀ ਰਾਮ ਵਾਸੀ ਲੰਗੜੋਆ ਥਾਣਾ ਸਦਰ ਨਵਾਂਸ਼ਹਿਰ ਜਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੱਸਿਆ ਜਿਸ ਦੇ ਵਜਨਦਾਰ ਥੈਲਾ ਪਲਾਸਟਿਕ ਰੰਗ ਚਿੱਟਾ ਦੀ ਤਲਾਸ਼ੀ ਹਸਬ ਜਾਬਤਾ ਅਮਲ ਵਿੱਚ ਲਿਆਂਦੀ ਤਾਂ ਥੈਲਾ ਪਲਾਸਟਿਕ ਵਿੱਚੋ 12 ਬੋਤਲਾ ਸੀਲ ਬੰਦ ਸ਼ਰਾਬ ਮਾਰਕਾ ਪੰਜਾਬ Ofifcers Chioce Excluisve Wihsky ਜਿਸਕੇ ਬ੍ਰਾਮਦ ਹੋਈਆ ਜਿਸ ਤੇ ਮੁਕੱਦਮਾ ਦਰਜ ਰਜਿਸਟਰ ਕੀਤਾ ਗਿਆ

# ਮੇਕ ਪੰਜਾਬ ਹਰਿਆ ਭਰਿਆ ਮੁਹਿੰਮ ਦੀ ਸ਼ੁਰੂਆਤ ਕੀਤੀ ਗਈ




ਸਹੀਦ ਭਗਤ ਸਿੰਘ ਨਗਰ 14 ਜੁਲਾਈ(ਰਮੇਸ ਸਰਮਾ/ਮਨਪ੍ਰੀਤ ਵਾਸੂ)ਸ਼ਿਵ ਚੰਦ ਪਬਲਿਕ ਹਾਈ ਸਕੂਲ ਸਕੋਹਪੁਰ ਤਹਿਸੀਲ ਨਵਾਂਸ਼ਹਿਰ ਸਕੂਲ ਦੀ ਚੇਅਰਪਰਸਨ ਸ੍ਰੀਮਤੀ ਰਾਜਿੰਦਰ ਕੌਰ ਸੁਨਰ, ਚੇਅਰਮੈਨ ਸ. ਮਨਜੀਤ ਸਿੰਘ ਢਾਹ ਅਤੇ ਸ੍ਰੀ ਮਤੀ ਨੀਨਾ ਢਾਹ ਦੀ ਅਗਵਾਈ ਹੇਠ ਮੇਕ ਪੰਜਾਬ ਹਰਿਆ ਭਰਿਆ ਮੁਹਿੰਮ ਦੀ ਸ਼ੁਰੂਆਤ ਕੀਤੀ ਗਈ। ਇਸ ਮੌਕੇ ਪੁਨਰਜੋਤ ਆਈ ਬੈਂਕ ਸੁਸਾਇਟੀ ਦੇ ਇੰਟਰਨੈਸ਼ਨਲ ਕੋਆਰਡੀਨੇਟਰ ਸ੍ਰੀ ਅਸ਼ੋਕ ਮਹਿਰਾ, ਅੱਖਾਂ ਦਾਨ ਕਰਨ ਵਾਲੀ ਸੰਸਥਾ ਨਵਾਂਸ਼ਹਿਰ ਦੇ ਜਨਰਲ ਸਕੱਤਰ ਰਤਨ ਕੁਮਾਰ ਜੈਨ, ਅੱਖਾਂ ਦਾਨ ਕਰਨ ਵਾਲੇ ਪਰਿਵਾਰ ਤੋਂ ਗੌਰਵ ਗੁਲਾਟੀ ਵਿਸ਼ੇਸ਼ ਤੌਰ ਤੇ ਮੌਜੂਦ ਸਨ! ਨਵਾਂਸ਼ਹਿਰ ਦੇ ਅੱਖ ਦਾਨੀ ਪਰਿਵਾਰ ਦੇ ਸ੍ਰੀ ਗੌਰਵ ਗੁਲਾਟੀ ਨੇ ਆਪਣੀ ਮਾਤਾ ਨੇਤਰਦਾਨ ਨੀਲਮ ਗੁਲਾਟੀ ਦੀ ਯਾਦ ਵਿੱਚ ਪਹਿਲਾ ਬੂਟਾ ਲਗਾਇਆ। ਇਸ ਮੌਕੇ ਨਵਾਂਸ਼ਹਿਰ ਦੇ ਜਨਰਲ ਸਕੱਤਰ ਰਤਨ ਕੁਮਾਰ ਜੈਨ ਨੇ ਸਮੂਹ ਅੱਖਾਂ ਦਾਨੀ ਪਰਿਵਾਰਾਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਅੱਖਾਂ ਦਾਨ ਕਰਨ ਵਾਲੇ ਪਰਿਵਾਰਕ ਮੈਂਬਰ ਦੇ ਨਾਂ ਤੇ ਇਕ-ਇਕ ਬੂਟਾ ਜ਼ਰੂਰ ਲਗਾਉਣ । ਇਸ ਲਈ ਅੱਖਾਂ ਦਾਨ ਕਰਨ ਵਾਲੀ ਸੰਸਥਾ ਨਵਾਂਸ਼ਹਿਰ ਅਤੇ ਪੁਨਰਜੋਤ ਸੁਸਾਇਟੀ ਹਰ ਸੰਭਵ ਸਹਿਯੋਗ ਦੇਵੇਗੀ। ਅੱਜ ਸ਼ਿਵਚੰਦ ਪਬਲਿਕ ਹਾਈ ਸਕੂਲ ਦੇ ਪੰਜਵੀਂ ਜਮਾਤ ਦੇ ਵਿਦਿਆਰਥੀਆਂ ਨੇ ਚੇਅਰਪਰਸਨ ਰਾਜਿੰਦਰ ਕੌਰ ਸੁਨਰ ਨਾਲ ਮਿਲ ਕੇ ਸਕੂਲ ਦੇ ਮੈਦਾਨ ਵਿੱਚ ਬੂਟੇ ਲਗਾਏ ਅਤੇ ਬੱਚਿਆਂ ਨੇ ਹਰ ਰੋਜ਼ ਇਨ੍ਹਾਂ ਪੌਦਿਆਂ ਦੀ ਸੰਭਾਲ ਕਰਨ ਦੀ ਜ਼ਿੰਮੇਵਾਰੀ ਲਈ। ਸਕੂਲ ਦੇ ਚੇਅਰਮੈਨ ਸ.ਮਨਜੀਤ ਸਿੰਘ ਢਾਹ ਨੇ ਕਿਹਾ ਕਿ ਜਿਸ ਬੱਚੇ ਦਾ ਬੂਟਾ ਉੱਗਦਾ ਹੈ! ਸਕੂਲ ਦੇ ਸਲਾਨਾ ਸਮਾਗਮ ਵਿੱਚ ਉਨ੍ਹਾਂ ਦਾ ਸਨਮਾਨ ਕੀਤਾ ਜਾਵੇਗਾ! ਇਸ ਮੌਕੇ ਸੰਸਥਾ ਦੇ ਇੰਟਰਨੈਸ਼ਨਲ ਕੋਆਰਡੀਨੇਟਰ ਅਸ਼ੋਕ ਮਹਿਰਾ ਜੀ ਨੇ ਸਕੂਲ ਦੇ ਸਮੂਹ ਬੱਚਿਆਂ ਅਤੇ ਸਟਾਫ਼ ਨੂੰ ਇੱਕ-ਇੱਕ ਬੂਟਾ ਲਗਾਉਣ ਲਈ ਪ੍ਰੇਰਿਤ ਕੀਤਾ! ਇਸ ਮੌਕੇ ਸਕੂਲ ਮੈਨੇਜਮੈਂਟ, ਪ੍ਰਿੰਸੀਪਲ ਸ੍ਰੀ ਸੰਦੀਪ ਚਾਵਲਾ, ਮੈਨੇਜਰ ਮਨਜੀਤ ਸਿੰਘ ਧੂਰੀ ਨੇ ਸ੍ਰੀ ਅਸ਼ੋਕ ਮਹਿਰਾ, ਰਤਨ ਕੁਮਾਰ ਜੈਨ, ਅਸ਼ੋਕ ਸ਼ਰਮਾ ਅਤੇ ਗੌਰਵ ਗੁਲਾਟੀ ਨੂੰ ਸਰਟੀਫਿਕੇਟ ਦੇ ਕੇ ਸਨਮਾਨਿਤ ਕੀਤਾ। ਸਮਾਜ ਸੇਵੀ ਰਤਨ ਕੁਮਾਰ ਜੈਨ ਅਤੇ ਅਸ਼ੋਕ ਸ਼ਰਮਾ ਨੇ ਨੇਤਰਦਾਨੀ ਪਰਿਵਾਰ ਦੇ ਹੱਥੋਂ ਸਕੂਲ ਦੀ ਤਰਫੋਂ ਪੰਜਾਬ ਨੂੰ ਹਰਿਆ ਭਰਿਆ ਬਣਾਉਣ ਦੀ ਮੁਹਿੰਮ ਸ਼ੁਰੂ ਕਰਨ ਲਈ ਸਕੂਲ ਦੀ ਪ੍ਰਬੰਧਕੀ ਕਮੇਟੀ ਦਾ ਧੰਨਵਾਦ ਕੀਤਾ।

# ਨਵ-ਵਿਆਹੁਤਾ ਜੀਵਨ ਵਿੱਚ ਕਲੇਸ਼ ਵਧਣਾ

## ਕਾਨਪੁਰ ਚ ਲੜਾਈ ਤੋਂ ਬਾਅਦ ਨੌਜਵਾਨ ਨੇ ਖੁਦਕੁਸ਼ੀ ਕਰ ਲਈ ਪਤਨੀ ਨੇ ਵੀ ਕੱਟਿਆ ਆਪਣਾ ਗਲਾ, ਹਾਲਤ ਨਾਜ਼ੁਕ

ਕਾਨਪੁਰ (ਸੁਨੀਲ ਬਾਜਪਾਈ) ਵਿਆਹ ਤੋਂ ਬਾਅਦ ਆਰਥਿਕ ਤੰਗੀ ਸਮੇਤ ਕਈ ਕਾਰਨਾਂ ਕਰਕੇ ਨਵ-ਵਿਆਹੁਤਾ ਪਤੀ-ਪਤਨੀ ਵਿਚਕਾਰ ਨਿੱਤ ਦੇ ਝਗੜੇ ਉਨ੍ਹਾਂ ਲਈ ਆਤਮਘਾਤੀ ਸਾਬਤ ਹੋ ਰਹੇ ਹਨ। ਇਸ ਗੱਲ ਦੀ ਪੁਸ਼ਟੀ ਕਰਨ ਵਾਲੀ ਘਟਨਾ ਇੱਥੋਂ ਦੇ ਸਾਧ ਥਾਣਾ ਖੇਤਰ ਚ ਵਾਪਰੀ, ਜਿੱਥੇ ਨੌਜਵਾਨ ਨੇ ਖੁਦਕੁਸ਼ੀ ਕਰਨ ਤੋਂ ਬਾਅਦ ਉਸ ਦੀ ਪਤਨੀ ਦਾ ਵੀ ਗਲਾ ਵੱਢ ਦਿੱਤਾ, ਜਿਸ ਤੋਂ ਬਾਅਦ ਉਸ ਦੀ ਹਾਲਤ ਨਾਜ਼ੁਕ ਬਣੀ ਹੋਈ ਹੈ।






ਮੌਕੇ ਤੇ ਪੁੱਜੀ ਪੁਲਸ ਅਤੇ ਫੋਰੈਂਸਿਕ ਟੀਮ ਵੱਲੋਂ ਜਾਂਚ ਤੋਂ ਬਾਅਦ ਨੌਜਵਾਨ ਦੀ ਲਾਸ਼ ਨੂੰ ਪੋਸਟਮਾਰਟਮ ਲਈ ਭੇਜ ਦਿੱਤਾ ਗਿਆ ਹੈ।

ਇਹ ਘਟਨਾ ਕਿਸੇ ਨਾ ਕਿਸੇ ਕਾਰਨ ਵਿਆਹੁਤਾ ਜੀਵਨ ਚ ਵਧਦੇ ਕਲੇਸ਼ ਦਾ ਨਤੀਜਾ ਹੈ, ਇਹ ਘਟਨਾ ਸਾਧ ਥਾਣਾ ਖੇਤਰ ਦੇ ਪਿੰਡ ਰਸੂਲਪੁਰ ਚ ਵਾਪਰੀ।

ਰਸੂਲਪੁਰ ਵਾਸੀ ਇੰਦਰਪਾਲ ਯਾਦਵ ਨੇ ਦੱਸਿਆ ਕਿ ਉਸ ਦਾ ਲੜਕਾ ਜਤਿੰਦਰ ਯਾਦਵ (26) ਪਿੰਡ ਵਿੱਚ ਆਟਾ ਚੱਕੀ ਚਲਾਉਂਦਾ ਸੀ। ਇਸ ਸਾਲ 23 ਅਪ੍ਰੈਲ ਨੂੰ ਜਿਤੇਂਦਰ ਦਾ ਵਿਆਹ ਫਤਿਹਪੁਰ ਜ਼ਿਲ੍ਹੇ ਦੇ ਮੁਹੰਮਦਪੁਰ ਪਿੰਡ ਦੀ ਰਹਿਣ ਵਾਲੀ ਅਨੁਪਾ ਯਾਦਵ (24) ਨਾਲ ਹੋਇਆ ਸੀ।

ਪੁਲਿਸ ਅਨੁਸਾਰ ਘਟਨਾ ਸਮੇਂ ਪਤੀ-ਪਤਨੀ ਵਿਚਕਾਰ ਕਿਸੇ ਗੱਲ ਨੂੰ ਲੈ ਕੇ ਲੜਾਈ ਹੋਈ ਸੀ, ਜਿਸ ਨੂੰ ਪਰਿਵਾਰਕ ਮੈਂਬਰਾਂ ਨੇ ਕਿਸੇ ਤਰ੍ਹਾਂ ਸ਼ਾਂਤ ਕਰਵਾਇਆ। ਰਾਤ ਦਾ ਖਾਣਾ ਖਾਣ ਤੋਂ ਬਾਅਦ ਜਤਿੰਦਰ ਦੂਜੇ ਕਮਰੇ ਵਿੱਚ ਸੌਣ ਲਈ ਚਲਾ ਗਿਆ। ਪਤਨੀ ਵੀ ਘਰ ਦਾ ਕੰਮ ਕਰਨ ਤੋਂ ਬਾਅਦ ਵੱਖਰੇ ਕਮਰੇ ਵਿੱਚ ਸੌਂ ਗਈ। ਬਾਅਦ ਵਿੱਚ ਜਦੋਂ ਪਤਨੀ ਕਮਰੇ ਵਿੱਚ ਪਹੁੰਚੀ ਤਾਂ ਜਤਿੰਦਰ ਯਾਦਵ ਦੀ ਲਾਸ਼ ਪੱਖੇ ਨਾਲ ਲਟਕਦੀ ਮਿਲੀ।

ਇਸ ਤੋਂ ਬਾਅਦ ਪਤਨੀ ਅਨੁਪਾ ਯਾਦਵ ਨੇ ਵੀ ਮੌਕੇ ਤੇ ਹੀ ਚਾਕੂ ਨਾਲ ਗਲਾ ਵੱਢ ਦਿੱਤਾ।

ਸੂਚਨਾ ਮਿਲਣ ਤੇ ਪਰਿਵਾਰਕ ਮੈਂਬਰਾਂ ਨੇ ਉਸ ਨੂੰ ਤੁਰੰਤ ਹਸਪਤਾਲ ਚ ਭਰਤੀ ਕਰਵਾਇਆ, ਜਿੱਥੇ ਉਸ ਦੀ ਹਾਲਤ ਨਾਜ਼ੁਕ ਬਣੀ ਹੋਈ ਹੈ। ਪੁਲਿਸ ਦਾ ਕਹਿਣਾ ਹੈ ਕਿ ਹੁਣ ਤੱਕ ਦੀ ਤਫ਼ਤੀਸ਼ ਦੇ ਸਿੱਟੇ ਅਨੁਸਾਰ ਇਹ ਘਟਨਾ ਆਪਸੀ ਝਗੜੇ ਦਾ ਨਤੀਜਾ ਹੈ।

ਤੁਹਾਨੂੰ ਦੱਸ ਦੇਈਏ ਕਿ ਕਾਨਪੁਰ ਵਿੱਚ ਇਹ ਕੋਈ ਪਹਿਲੀ ਘਟਨਾ ਨਹੀਂ ਹੈ। ਪਿਛਲੇ 3 ਸਾਲਾਂ ਵਿੱਚ ਇੱਥੇ ਸਭ ਤੋਂ ਵੱਧ ਖੁਦਕੁਸ਼ੀਆਂ ਨਵੇਂ ਵਿਆਹੇ ਲੜਕੇ-ਲੜਕੀਆਂ ਦੀਆਂ ਦੱਸੀਆਂ ਜਾਂਦੀਆਂ ਹਨ।

# ਸ਼ੀਤਲ ਚੈਰੀਟੇਬਲ ਟਰੱਸਟ ਬਰਨਾਲਾ ਵੱਲੋਂ ਲਗਾਇਆ ਗਿਆ ਮੁਫ਼ਤ ਹੋਮਿਓਪੈਥੀ ਕੈਂਪ






ਬਰਨਾਲਾ (ਸੁਖਵਿੰਦਰ ਸਿੰਘ ਭੰਡਾਰੀ) ਸੀਤਲ ਚੈਰੀਟੇਬਲ ਟਰੱਸਟ ਬਰਨਾਲਾ (ਰਜਿ) ਵਲੋਂ ਮੁਫ਼ਤ ਹੋਮਿਓਪੈਥੀ ਕੈਂਪ ਪਿੰਡ ਨੈਣੇਵਾਲ ਵਿਖੇ ਲਗਾਇਆ ਗਿਆ। ਜਿਸ ਵਿਚ ਡਾਕਟਰ ਸਰਬਸੁਖਜੀਤ ਸਿੰਘ ਸੀਤਲ ਵਲੋਂ ਮਰੀਜ਼ਾਂ ਨੂੰ ਬੀਮਾਰੀਆਂ ਤੋਂ ਬਚਣ ਲਈ ਕੁਝ ਉਪਾਅ ਦੱਸੇ ਗਏ। ਹਰਪ੍ਰੀਤ ਸਿੰਘ ਸਰਪੰਚ ਨੈਣੇਵਾਲ ਵੱਲੋਂ ਕੈਂਪ ਵਿੱਚ ਪਹੁੰਚੇ ਡਾਕਟਰ ਸਾਹਿਬਾਨ ਨੂੰ ਜੀ ਆਇਆਂ ਆਖਿਆ ਗਿਆ ਅਤੇ ਡਾਕਟਰ ਸ ਸ ਸੀਤਲ ਦੇ ਸਮਾਜ ਸੇਵੀ ਕੰਮਾਂ ਦੀ ਸ਼ਲਾਘਾ ਕੀਤੀ। ਇਸ ਕੈਂਪ ਨੂੰ ਨਸ਼ੇ ਛਡਾਊ ਕਲੱਬ ਨੈਣੇਵਾਲ ਨੇ ਸਫ਼ਲ ਬਣਾਉਣ ਲਈ ਬਹੁਤ ਵਧੀਆ ਪ੍ਰਬੰਧ ਕੀਤਾ। ਇਸ ਕੈਂਪ ਵਿੱਚ ਮਰੀਜ਼ਾਂ ਨੂੰ ਡਾਕਟਰ ਅਰਸ਼ਦੀਪ ਕੌਰ ਬੀ ਐਚ ਐਮ ਐਸ ਅਤੇ ਡਾਕਟਰ ਦਿਕਸ਼ਾ ਗੁਪਤਾ ਬੀ ਐਚ ਐਮ ਐਸ ਬਰਨਾਲਾ ਵੱਲੋਂ ਚੈੱਕ ਕਰਕੇ ਸਾਰੇ ਮਰੀਜ਼ਾਂ ਨੂੰ ਹੋਮਿਓਪੈਥੀ ਦਵਾਈਆਂ ਮੁਫ਼ਤ ਵੰਡੀਆਂ ਗਈਆਂ। ਇਸ ਕੈਂਪ ਵਿੱਚ 97 ਮਰੀਜਾਂ ਦਾ ਚੈੱਕ ਅੱਪ ਕੀਤਾ ਗਿਆ। ਡਾਕਟਰ ਸਾਹਿਬਾਨ ਅਤੇ ਪਿੰਡ ਦੇ ਪਤਵੰਤੇ ਸੱਜਣਾਂ ਦਾ ਧੰਨਵਾਦ ਬਲਜੀਤ ਸਿੰਘ ਅਤੇ ਕੁਲਦੀਪ ਸਿੰਘ ਨਸ਼ੇ ਛੁਡਾਊ ਕਲੱਬ ਨੈਣੇਵਾਲ ਵੱਲੋਂ ਕੀਤਾ ਗਿਆ।

# ਸਬ ਇੰਸਪੈਕਟਰ ਗੁਰਪਾਲ ਸਿੰਘ ਨੇ ਥਾਣਾ ਸ਼ੇਰਪੁਰ ਵਿਖੇ ਐਸਐਚਓ ਵਜੋਂ ਚਾਰਜ ਸੰਭਾਲਿਆ

## ਸਮਾਜਿਕ ਬੁਰਾਈਆਂ ਨੂੰ ਖਤਮ ਕਰਨ ਲਈ ਲੋਕਾਂ ਦਾ ਸਹਿਯੋਗ ਜਰੂਰੀ: ਐਸਐਚਓ

ਸ਼ੇਰਪੁਰ (ਸੱਤਪਾਲ ਸਿੰਘ ਕਾਲਾਬੂਲਾ) ਥਾਣਾ ਸੇਰਪੁਰ ਵਿਖੇ ਅੱਜ ਸਬ ਇੰਸਪੈਕਟਰ ਗੁਰਪਾਲ ਸਿੰਘ ਵੱਲੋਂ ਐਸਐਚਓ ਵਜੋਂ ਚਾਰਜ ਸੰਭਾਲਿਆ।

ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਐਸਐਚਓ ਗੁਰਪਾਲ ਸਿੰਘ ਨੇ ਕਿਹਾ ਹੈ ਕਿ ਪੁਲਿਸ ਅਤੇ ਪ੍ਰੈਸ ਦੇ ਸਹਿਯੋਗ ਨਾਲ ਹੀ ਸਮਾਜਿਕ ਕੁਰੀਤੀਆਂ ਨੂੰ ਖਤਮ ਕੀਤਾ ਜਾ ਸਕਦਾ ਹੈ। ਉਹਨਾਂ ਅੱਗੇ ਦੱਸਿਆ ਕਿ ਕਸ਼ਬੇ ਅੰਦਰ ਨਸ਼ਿਆਂ ਨੂੰ ਠੱਲ੍ਹ ਪਾਉਣ ਵਿੱਚ ਅਹਿਮ ਭੂਮਿਕਾ ਨਿਭਾ ਰਹੇ ਨਸ਼ਾ ਛੁੜਾਓ ਕਮੇਟੀ ਦੇ ਆਗੂਆਂ ਅਤੇ ਸਮਾਜ ਸੇਵੀ ਸੰਸਥਾਵਾਂ ਦਾ ਪੂਰਨ ਸਹਿਯੋਗ ਲਿਆ ਜਾਵੇਗਾ। ਥਾਣਾ ਮੁਖੀ ਨੇ ਲੰਮੇ ਸਮੇਂ ਤੋਂ ਨਸ਼ਿਆਂ ਵਿਰੁੱਧ ਕੰਮ ਕਰ ਰਹੇ ਕਮੇਟੀ ਦੇ ਸਮੁੱਚੇ ਮੈਂਬਰਾਂ ਦੀ ਸਲਾਘਾ ਵੀ ਕੀਤੀ। ਉਹਨਾਂ ਕਿਹਾ ਕਿ ਨਸ਼ਾ ਵਿਰੋਧੀ ਤਾਕਤਾਂ ਅਤੇ ਗੁੰਡਾਗਰਦੀ ਨੂੰ ਕਿਸੇ ਵੀ ਕੀਮਤ ਤੇ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਉਹਨਾਂ ਕਿਹਾ ਕਿ ਚੰਗੇ ਸਮਾਜ ਦੀ ਸਿਰਜਣਾ ਲਈ ਲੋਕਾਂ ਦਾ ਸਹਿਯੋਗ ਹੋਣਾ ਬੇਹੱਦ ਜਰੂਰੀ ਹੈ ਫਿਰ ਹੀ ਅਸੀਂ ਆਪਣੇ ਇਲਾਕੇ ਨੂੰ ਸਮਾਜਿਕ ਬੁਰਾਈਆਂ ਤੋਂ ਦੂਰ ਰੱਖ ਸਕਦੇ ਹਾਂ। ਅੰਤ ਵਿੱਚ ਉਹਨਾਂ ਇਹ ਵੀ ਕਿਹਾ ਕਿ ਥਾਣੇ ਵਿੱਚ ਹਰ ਇੱਕ ਵਿਅਕਤੀ ਨੂੰ ਪੂਰਾ ਮਾਨ ਸਨਮਾਨ ਅਤੇ ਇਨਸਾਫ ਦਿੱਤਾ ਜਾਵੇਗਾ।




ਇਸ ਉਪਰੰਤ ਉਨਾਂ ਪੱਤਰਕਾਰਾਂ ਤੋਂ ਵੀ ਸੁਝਾਅ ਮੰਗੇ। ਇਸ ਮੌਕੇ ਗੁਰਤੇਜ ਸਿੰਘ ਅਤੇ ਗੁਰਪਾਲ ਸਿੰਘ ਦੋਵੇਂ ਏਐਸਆਈ,ਮੁੱਖ ਮੁਨਸੀ ਰਾਮ ਸਿੰਘ ਤੋਂ ਇਲਾਵਾ ਹੋਰ ਵੀ ਮੁਲਾਜ਼ਮ ਹਾਜ਼ਰ ਸਨ।

# ਪੈਨਸ਼ਨ ਵਜੋਂ 89,590 ਲਾਭਪਾਤਰੀਆਂ ਨੂੰ 13.43 ਕਰੋੜ ਰੁਪਏ ਜਾਰੀ: ਮੀਤ ਹੇਅਰ

ਬਰਨਾਲਾ, (ਸੁਖਵਿੰਦਰ ਸਿੰਘ ਭੰਡਾਰੀ) ਸਰਕਾਰ ਵਲੋਂ ਬਜ਼ੁਰਗਾਂ, ਵਿਧਵਾ ਔਰਤਾਂ, ਦਿਵਿਆਂਗਜਨਾਂ ਤੇ ਆਸ਼ਰਿਤ ਬੱਚਿਆਂ ਨੂੰ ਵਿੱਤੀ ਸਹਾਇਤਾ ਵਜੋਂ ਪ੍ਰਤੀ ਮਹੀਨਾ 1500 ਰੁਪਏ ਰਾਸ਼ੀ ਸਿੱਧੀ ਬੈਂਕ ਖਾਤਿਆਂ ਚ ਪਾਉਣ ਦਾ ਪ੍ਰਬੰਧ ਹੈ, ਜਿਸ ਤਹਿਤ ਹਰ ਮਹੀਨੇ 10 ਕਰੋੜ ਵੱਧ ਦੀ ਰਾਸ਼ੀ ਪੈਨਸ਼ਨਾਂ ਵਜੋਂ ਜ਼ਿਲ੍ਹਾ ਬਰਨਾਲਾ ਵਿੱਚ ਜਾਰੀ ਕੀਤੀ ਜਾ ਰਹੀ ਹੈ ਤਾਂ ਜੋ ਲੋੜਵੰਦਾਂ ਨੂੰ ਵਿੱਤੀ ਸਹਾਇਤਾ ਦਿੱਤੀ ਜਾ ਸਕੇ।




ਸੰਸਦ ਮੈਂਬਰ ਸ. ਗੁਰਮੀਤ ਸਿੰਘ ਮੀਤ ਹੇਅਰ ਨੇ ਦੱਸਿਆ ਕਿ ਸਰਕਾਰ ਵਲੋਂ ਜੂਨ ਮਹੀਨੇ ਦੀ ਪੈਨਸ਼ਨ ਵਜੋਂ ਸਮਾਜਿਕ ਸੁਰੱਖਿਆ ਵਿਭਾਗ, ਇਸਤਰੀ ਤੇ ਬਾਲ ਵਿਕਾਸ ਵਿਭਾਗ ਰਾਹੀਂ ਬੁਢਾਪਾ ਪੈਨਸ਼ਨ ਦੇ 62,555 ਲਾਭਪਾਤਰੀਆਂ ਨੂੰ 9,38,32,500 ਰੁਪਏ, ਵਿਧਵਾ ਪੈਨਸ਼ਨ ਦੇ 13,870 ਲਾਭਪਾਤਰੀਆਂ ਨੂੰ 2,08,05,000 ਰੁਪਏ, ਆਸ਼ਰਿਤ ਬੱਚਿਆਂ ਦੀ ਪੈਨਸ਼ਨ ਦੇ 5075 ਲਾਭਪਾਤਰੀਆਂ ਨੂੰ 76,12,500 ਰੁਪਏ ਅਤੇ 8090 ਦਿਵਿਆਂਗਜਨ ਨੂੰ ਪੈਨਸ਼ਨ ਵਜੋਂ 1,21,35,000 ਰੁਪਏ ਸਿੱਧੇ ਖਾਤਿਆਂ ਵਿੱਚ ਜਾਰੀ ਕੀਤੇ ਗਏ। ਜ਼ਿਲ੍ਹਾ ਬਰਨਾਲਾ ਵਿੱਚ ਪੈਨਸ਼ਨ ਵਜੋਂ ਕੁੱਲ 89,590 ਲਾਭਪਾਤਰੀਆਂ ਨੂੰ 13,43,85,000 ਰੁਪਏ ਜਾਰੀ ਕੀਤੇ ਗਏ ਹਨ।

ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਸ. ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਹਰ ਵਰਗ ਦੀ ਭਲਾਈ ਲਈ ਵਚਨਬੱਧ ਹੈ, ਜਿਸ ਤਹਿਤ ਜਿੱਥੇ ਵੱਖ ਵੱਖ ਸਕੀਮਾਂ ਦਾ ਲਾਭ ਲੋੜਵੰਦਾਂ ਨੂੰ ਸਮਾਂਬੱਧ ਤਰੀਕੇ ਨਾਲ ਦਿੱਤਾ ਜਾ ਰਿਹਾ ਹੈ, ਓਥੇ ਵਿਕਾਸ ਕਾਰਜ ਵੀ ਵਿਆਪਕ ਪੱਧਰ ਤੇ ਕਰਾਏ ਜਾ ਰਹੇ ਹਨ।

ਇਸ ਮੌਕੇ ਡਿਪਟੀ ਕਮਿਸ਼ਨਰ ਬਰਨਾਲਾ ਮੈਡਮ ਪੂਨਮਦੀਪ ਕੌਰ ਨੇ ਦੱਸਿਆ ਕਿ ਸਰਕਾਰ ਵੱਲੋਂ ਬੁਢਾਪਾ ਪੈਨਸ਼ਨ, ਵਿਧਵਾ ਪੈਨਸ਼ਨ, ਦਿਵਿਆਂਗਜਨ ਪੈਨਸ਼ਨ ਤੇ ਆਸ਼ਰਿਤ ਬੱਚਿਆਂ ਨੂੰ ਪ੍ਰਤੀ ਮਹੀਨਾ 1500 ਰੁਪਏ ਪੈਨਸ਼ਨ ਵਜੋਂ ਜਾਰੀ ਕੀਤੇ ਜਾਂਦੇ ਹਨ। ਉਨ੍ਹਾਂ ਦੱਸਿਆ ਕਿ ਪੈਨਸ਼ਨ ਲਈ ਯੋਗ ਵਿਅਕਤੀ ਜ਼ਿਲ੍ਹੇ ਵਿੱਚ ਕਿਸੇ ਵੀ ਸੇਵਾ ਕੇਂਦਰ ਰਾਹੀਂ ਆਨਲਾਈਨ ਅਪਲਾਈ ਕਰ ਸਕਦੇ ਹਨ। ਕਿਸੇ ਤਰੀਕੇ ਦੀ ਦਿੱਕਤ ਪੇਸ਼ ਆਉਣ ਤੇ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਸਥਿਤ ਜ਼ਿਲ੍ਹਾ ਸਮਾਜਿਕ ਸੁਰੱਖਿਆ ਦਫ਼ਤਰ ਬਰਨਾਲਾ ਵਿਖੇ ਸੰਪਰਕ ਕੀਤਾ ਜਾ ਸਕਦਾ ਹੈ।

# ਮੁਫ਼ਤ ਪ੍ਰਦੂਸ਼ਣ ਚੈਕਅੱਪ ਕੈਂਪ ਅਤੇ ਬੂਟਿਆਂ ਦਾ ਲੰਗਰ ਲਗਾਇਆ

## ਕੈਂਪ ਦੌਰਾਨ 1000 ਬੂਟੇ ਅਤੇ 500 ਗੱਡੀਆਂ ਦੀ ਫ੍ਰੀ ਵਾਸ਼ਿੰਗ ਲਈ ਕੂਪਨ ਵੰਡੇ ਗਏ

ਬਰਨਾਲਾ (ਸੁਖਵਿੰਦਰ ਸਿੰਘ ਭੰਡਾਰੀ) ਲਾਇਨ ਕਲੱਬ ਬਰਨਾਲਾ ਸੁਪਰੀਮ ਵੱਲੋਂ ਮੁਫ਼ਤ ਪ੍ਰਦੂਸ਼ਣ ਚੈੱਕਅਪ ਕੈਂਪ ਅਤੇ ਬੂਟਿਆਂ ਦਾ ਲੰਗਰ ਜੌੜੇ ਪੈਟਰੌਲ ਪੰਪਾਂ ਤੇ ਲਗਾਇਆ ਗਿਆ। ਇਸ ਮੌਕੇ ਬਤੌਰ ਮੁੱਖ ਮਹਿਮਾਨ ਪਹੁੰਚੇ ਗੁਰਦੀਪ ਸਿੰਘ ਬਾਠ ਚੇਅਰਮੈਨ ਜ਼ਿਲ੍ਹਾ ਯੋਜਨਾ ਕਮੇਟੀ ਬਰਨਾਲਾ ਨੇ ਕੈਂਪ ਦਾ ਉਦਘਾਟਨ ਕੀਤਾ ਅਤੇ ਪ੍ਰਬੰਧਕਾਂ ਦੀ ਇਸ ਲੋਕ ਭਲਾਈ ਦੇ ਕੰਮ ਲਈ ਪ੍ਰਸ਼ੰਸ਼ਾ ਕਰਦਿਆਂ ਵਧਾਈ ਦਿੱਤੀ। ਉਨ੍ਹਾਂ ਆਲਮੀ ਤਪਸ ਦੇ ਖਾਤਮੇ ਲਈ ਵੱਧ ਤੋਂ ਵੱਧ ਬੂਟੇ ਲਗਾਉਣ ਦੀ ਅਪੀਲ । ਇਸ ਕੈਂਪ ਚ ਸ਼ਹਿਰ ਦੇ ਪਤਵੰਤੇ ਸੱਜਣਾਂ ਨੇ ਭਾਰੀ ਗਿਣਤੀ ਚ ਭਾਗ ਲਿਆ। ਪ੍ਰਧਾਨ ਅਸ਼ੋਕ ਗਰਗ ਗੈਸ ਵਾਲੇ ਅਤੇ ਸਕੱਤਰ ਯਸ਼ਪਾਲ ਬਾਲਾ ਜੀ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਕੈਂਪ ਦੌਰਾਨ ਇੱਕ ਹਜ਼ਾਰ ਬੂਟੇ ਵੰਡੇ ਗਏ। ਇਸ ਦੌਰਾਨ ਕੈਂਪ ਦੇ ਵਿਸ਼ੇਸ਼ ਸਹਿਯੋਗੀ ਰਾਮ ਜੀ ਦਾਸ ਬਨਾਰਸੀ ਦਾਸ ਪੈਟਰੋਲ ਪੰਪ ਵਾਲਿਆਂ ਨੇ ਗੱਡੀਆਂ ਦੀ ਵਾਸ਼ਿੰਗ, ਮੋਬਲਾਇਲ ਅਤੇ ਪ੍ਰਦੂਸ਼ਣ ਚੈੱਕਅਪ ਲਈ 500 ਕੂਪਨ ਵੰਡੇ ਗਏ ਅਤੇ ਸਮੂਹ ਮੈਂਬਰਾਂ ਲਈ ਚਾਹ ਪਾਣੀ ਦਾ ਪ੍ਰਬੰਧ ਵੀ ਕੀਤਾ ਕੀਤਾ। ਕੂਪਨ ਦਿਖਾ ਕੇ ਗੱਡੀਆਂ ਦਾ ਪ੍ਰਦੂਸ਼ਣ,ਵਾਸ਼ਿੰਗ ਅਤੇ ਮੋਬਲਾਇਲ ਚੈੱਕ ਅੱਪ ਕੀਤਾ ਜਾ ਰਿਹਾ ਸੀ। ਇਸ ਮੌਕੇ ਐਸ ਡੀ ਸਭਾ ਦੇ ਜਨਰਲ ਸਕੱਤਰ ਸ਼ਿਵ ਸਿੰਗਲਾ ਨੇ 100 ਬੂਟੇ ਭੇਂਟ ਕਰਕੇ ਵਿਸ਼ੇਸ਼ ਯੋਗਦਾਨ ਪਾਇਆ । ਜਿੰਦਲ ਪ੍ਰਦੂਸ਼ਣ ਸੈਂਟਰ ਕਚਹਿਰੀ ਚੌਕ ਬਰਨਾਲਾ ਵੱਲੋਂ ਵੀ ਪ੍ਰਦੂਸ਼ਣ ਚੈੱਕਅਪ ਕਰਕੇ ਵਿਸ਼ੇਸ਼ ਯੋਗਦਾਨ ਪਾਇਆ ਗਿਆ। ਇਸ ਮੌਕੇ ਟ੍ਰੈਫਿਕ ਇੰਚਾਰਜ਼ ਜਸਵਿੰਦਰ ਸਿੰਘ ਢੀਂਡਸਾ, ਏ ਐਸ ਆਈ ਗੁਰਚਰਨ ਸਿੰਘ ਅਤੇ ਉਨ੍ਹਾਂ ਦੀ ਸਾਰੀ ਟੀਮ ਹਾਜ਼ਰ ਸੀ। ਇਸ ਦੌਰਾਨ ਦੀਪਕ ਸੋਨੀ ਆਸਥਾ ਵਾਲੇ, ਸਤੀਸ਼ ਜੈਨ, ਜੈਨ ਜਿਊਲਰਜ ਵਾਲੇ, ਮਨੀਸ਼ ਬਾਂਸਲ ਪੈਟਰੌਲ ਪੰਪ ਵਾਲੇ, ਅਮਰਜੀਤ ਕਾਲੇਕੇ, ਲਾਇਨ ਭੋਜ ਰਾਜ ਕੈਸੀਅਰ ਅਤੇ ਲਾਇਨ ਜਤਿੰਦਰ ਗੋਇਲ ਪੀ. ਆਰ. ਓ. ਤੋਂ ਇਲਾਵਾ ਕਲੱਬ ਦੇ ਸਾਬਕਾ ਪ੍ਰਧਾਨ ਰਵਿੰਦਰ ਬਾਂਸਲ, ਲਾਇਨ ਆਰ. ਪੀ. ਸਿੰਘ ਵਾਇਸ ਪ੍ਰਧਾਨ, ਲਾਇਨ ਐਨ. ਐਸ. ਜੰਡੂ ਜੁਆਇੰਟ ਸਕੱਤਰ ਅਤੇ ਲਾਇਨ ਸੁਨੀਲ ਗੋਇਲ ਜੁਆਇੰਟ ਕੈਸ਼ੀਅਰ, ਸਾਬਕਾ ਜੋਨ ਚੇਅਰਮੈਨ ਲਾਇਨ ਸੁਖਦਰਸ਼ਨ ਸਦਿਓੜਾ, ਨਵੇਂ ਜੋਨ ਚੇਅਰਮੈਨ ਲਾਇਨ ਸੁਰਿੰਦਰ ਬਾਂਸਲ, ਲਾਇਨ ਪ੍ਰੋ. ਦਰਸ਼ਨ, ਲਾਇਨ ਸੁਖਦਰਸ਼ਨ ਸਦਿਓੜਾ, ਲਾਇਨ ਸੁਰਿੰਦਰ ਮਿੱਤਲ ਅਤੇ






ਲਾਇਨ ਜਤਿੰਦਰ ਗੋਇਲ, ਲਾਇਨ ਅਰੁਨ ਬਾਂਸਲ, ਲਾਇਨ ਗੌਤਮ ਈਸ਼ਵਰ, ਲਾਇਨ ਸ਼ਿਵ ਸਿੰਗਲਾ, ਲਾਇਨ ਪਵਨ ਬਾਂਸਲ, ਲਾਇਨ ਪਵਨ ਮਿੱਤਲ, ਲਾਇਨ ਯਾਦਵਿੰਦਰ, ਲਾਇਨ ਹੀਰਾ ਲਾਲ ਗਰਗ, ਲਾਇਨ ਜਗਨੰਦਨ, ਲਾਇਨ ਮਨਜੀਤ ਕਾਂਸਲ ਆਦਿ ਮੀਟਿੰਗ ਚ ਸ਼ਾਮਿਲ ਹੋਏ। ਮਨੀਸ਼ ਬਾਂਸਲ ਪੈਟਰੌਲ ਪੰਪ ਵਾਲਿਆਂ ਨੇ ਸਭਨਾਂ ਦਾ ਧੰਨਵਾਦ ਕੀਤਾ।

ਅਦਾਰਾ ਰੋਜ਼ਾਨਾ ਲੋਕ ਬਾਣੀ ਅਖਬਾਰ ਵਿੱਚ ਛਾਪੀਆਂ ਜਾਂਦੀਆ ਖਬਰਾਂ , ਰਿਪੋਰਟਾਂ , ਲੇਕ, ਕਹਾਣੀਆਂ, ਕਵਿਤਾਵਾ ਅਤੇ ਹਰ ਕਿਸਮ ਦੇ ਇਸ਼ਤਿਹਾਰ ਵਿੱਚ ਦਿੱਤੀ ਗਈ । ਸੂਚਨਾਂ, ਵਿਚਾਰ ਆਦਿ ਨਾਲ ਅਖਬਾਰ ਦੇ ਪ੍ਰਬੰਧਕਾਂ ਦਾ ਸਹਿਮਤ ਜ਼ਰੂਰੀ ਨਹੀਂ ਹੈ । ਇਸ ਅਖਬਾਰ ਵਿੱਚ ਛੱਪੇ ਇਸ਼ਤਿਹਾਰ ( ਡਿਸਪਲੇ, ਕਲਾਸੀਫਾਈਡ) ਦੇ ਤੱਥਾਂ ਲਈ ਪ੍ਰਬੰਧਕ ਕੋਈ ਜੰਮੇਵਾਰੀ ਨਹੀ ਲੈਦੇ ਕਿਉਂਕਿ ਅਖਬਾਰ ਇੰਨਾ ਨੂੰ ਤਸਦੀਕ ਨਹੀਂ ਕਰਦਾ ਪਾਠਕਾਂ/ਸ਼ੁਭ ਚਿੰਤਕਾ ਨੂੰ ਬੇਨਤੀ ਹੈ । ਕਿ ਉਹ ਇੰਨਾ ਇਸ਼ਤਿਹਾਰਾਂ ਤੇ ਕੋਈ ਕਾਰਵਾਈ ਕਰਨ ਤੋਂ ਪਹਿਲਾਂ ਇੰਨਾਂ ਤੱਥਾਂ ਦੀ ਪੜਤਾਲ , ਪੁਸ਼ਟੀਕਰ ਲੈਣ।ਰੋਜ਼ਾਨਾਲੋਕ ਬਾਣੀ ਚ ਪ੍ਰਕਾਸ਼ਿਤ ਸੱਮਗਰੀ ਅਤੇ ਹੋਰ ਵਾਦ-ਵਿਵਾਦ ਸਬੰਧੀ ਕੇਸਾ ਦਾ ਨਿਪਟਾਰਾ ਸਿਰਫ ਜਲੰਧਰ ਕੋਰਟ ਵਿੱਚ ਹੀ ਹੋਵੇਗਾ, ਲੇਖਕਾਂ ਦੀ ਰਾਏ ਨਾਲ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀ । ਖਬਰਾਂ ਪ੍ਰਤੀ ਜਿੰਮੇਵਾਰੀ ਪੱਤਰਕਾਰ ਦੀ ਹੋਵੇਗੀ ।

Daily Lok Bani(Punjabi) R.N.I. Punpun/29016/2008 Editor, owner, Printer , Publisher, Amandeep Mehra , Printed at Rachna Printers , Railway Road Jalandhar Place of Publication :308 Sangam Complex milap Chowk , Jalandhar (India), Contact No.: 0181-2211009, Fax : 2211009, Email id : lokbani08@gmail.com, Editormehra@gmail.com

# ਸੁਹਿਰਦ ਯਾਦਗਾਰੀ ਲਾਇਬਰੇਰੀ ਕੱਟੂ ਵਿਖੇ ਪੁਸਤਕ ਰਿਲੀਜ਼ ਸਮਾਰੋਹ ਦਾ ਆਯੋਜਨ ਕੀਤਾ ਗਿਆ




ਬਰਨਾਲਾ (ਸੁਖਵਿੰਦਰ ਸਿੰਘ ਭੰਡਾਰੀ, ਗੋਬਿੰਦਰ ਸਿੰਘ) ਸੁਹਿਰਦ ਯਾਦਗਾਰੀ ਲਾਇਬਰੇਰੀ ਕੱਟੂ ਵਿਖੇ ਡਾਕਟਰ ਤੇਜਾ ਸਿੰਘ ਤਿਲਕ ਦੀ ਪ੍ਰਧਾਨਗੀ ਹੇਠ ਬਰਜਿੰਦਰ ਪਾਲ ਸਿੰਘ ਧਨੌਲਾ ਉੱਪ ਜਿਲ੍ਹਾ ਸਿੱਖਿਆ ਅਫਸਰ (ਸਸ) ਬਰਨਾਲਾ ਦੀ ਚੌਥੀ ਪੁਸਤਕ ਆਉ ਸਕੂਲੀ ਬੱਚਿਆਂ ਨਾਲ ਗੱਲਾਂ ਕਰੀਏ ਦਾ ਆਗਾਜ ਕੀਤਾ ਗਿਆ। ਪ੍ਰਧਾਨਗੀ ਮੰਡਲ ਵਿੱਚ ਡਾਕਟਰ ਤੇਜਾ ਸਿੰਘ ਤਿਲਕ ,ਰਣਧੀਰ ਸਿੰਘ ਰਿਟਾਇਰਡ ਮੁੱਖ ਅਧਿਆਪਕ, ਹਰਦੇਵ ਸਿੰਘ ਰਿਟਾਇਰਡ ਫਲਾਇੰਗ ਅਫਸਰ ਰਘਬੀਰ ਸਿੰਘ ਰਿਟਾਇਰਡ ਲੈਕਚਰਾਰ ਜਗਤਾਰ ਸਿੰਘ ਕੱਟੂ ਸ਼ਸ਼ੋਭਤ ਸਨ। ਇਹ ਪੁਸਤਿਕ ਪ੍ਰਿਤਪਾਲ ਸਿੰਘ ਰਿਟਾਇਰਡ ਟਰਾਂਸਪੋਰਟ ਮੈਨੇਜਰ ਬਠਿੰਡਾ, ਗੁਰਪੰਚ ਪਾਲ ਸਿੰਘ ਤੱਗੜ ਕੈਨੇਡੀਅਨ, ਹਰਮੇਲ ਸਿੰਘ ਸੀਨੀਅਰ ਮੈਨੇਜਰ ਬੈਕ , ਸੁਖਮਿੰਦਰ ਸਿੰਘ ਰਿਟਾਇਰਡ ਲੈਕਚਰਾਰ ਦੀ ਸਰਪ੍ਰਸਤੀ ਹੇਠ ਲੋਕ ਅਰਪਣ ਕੀਤੀ ਗਈ। ਰਣਧੀਰ ਸਿੰਘ ਨੇ ਪ੍ਰੋਗਰਾਮ ਦੀ ਸੂਰੂਆਤ ਕਰਦਿਆ ਇਹ ਖੁਸ਼ੀ ਜ਼ਾਹਿਰ ਕੀਤੀ ਕਿ ਹਰ ਵਰਗ ਦੇ ਲੋਕਾਂ ਨੂੰ ਸਾਹਿਤ ਨਾਲ ਜੁੜ ਕੇ ਜੀਵਨ ਵਿੱਚ ਵਧੀਆ ਸੇਧ ਲੈਣੀ ਚਾਹੀਦੀ ਹੈ। ਰਘਬੀਰ ਸਿੰਘ ਨੇ ਸਾਹਿਤਕ ਬੋਲੀਆ ਰਾਹੀਂ ਸਾਰੇ ਪਾਠਕਾਂ ਨੂੰ ਸਭਿਆਚਾਰ ਨਾਲ ਜੁੜਨ ਲਈ ਉਤਸਾਹਿਤ ਕੀਤਾ।ਮਾਸਟਰ ਜਗਤਾਰ ਸਿੰਘ ਸੰਘੇੜਾ ਨੇ ਸਾਹਿਤ ਵਿੱਚ ਵਿਗਿਆਨਿਕ ਸੋਚ ਦਾ ਆਉਣਾ ਜੂਰਗੀ ਦੱਸਿਆ। ਬਲਵਿੰਦਰ ਸਿੰਘ ਰਿਟਾਇਰਡ ਐਸ.ਡੀ.ਓ. ਨੇ ਕਿਹਾ ਕਿ ਪਿੰਡਾਂ ਦਾ ਵਿਦਿਆਰਥੀ ਸਾਹਿਤ ਅਤੇ ਸਖ਼ਤ ਮਿਹਨਤ ਨਾਲ ਜੁੜ ਕੇ ਉੱਚੀਆ ਪਦਵੀਆ ਸਰ ਕਰ ਸਕਦੇ ਹਨ। ਜਗਤਾਰ ਸਿੰਘ ਕੱਟੂ ਨੇ ਕਿਹਾ ਕਿ ਸਾਹਿਤ ਵਿੱਚ ਵਿਰਾਸਿਤ ਨੂੰ ਉਤਸ਼ਾਹਿਤ ਕਰਨ ਦੇ ਨਾਲ ਨਾਲ ਵਿਗਿਆਨਿਕ ਵਿਚਾਰਾਂ ਦੇ ਧਾਰਨੀ ਹੋਣਾ ਅੱਜ ਦੇ ਸਮੇ ਦੀ ਲੋੜ ਹੈ। ਬਲਰਾਜ ਸਿੰਘ ਬਡਬਰ ਨੇ ਕਿਹਾ ਕਿ ਸਮਾਜ ਨੂੰ ਬੁੱਧੀਜੀਵੀ ਪੜ੍ਹਨ ਬੋਲਣ ਅਤੇ ਕਾਰਜ ਕਰਨ ਵਾਲੇ ਹੀ ਚਾਹੀਦੇ ਹਨ। ਡਾਕਟਰ ਤੇਜਾ ਸਿੰਘ ਤਿਲਕ ਨੇ ਕਿਹਾ ਕਿ ਸਾਹਿਤਕਾਰ ਸਮਾਜ ਦਾ ਚਾਨਣ ਮੁਨਾਰਾ ਹੁੰਦੇ ਹਨ ਇਹਨਾ ਨੂੰ ਸਮਾਜ ਵਿੱਚ ਅਗਿਆਨਤਾ ਨੂੰ ਦੂਰ ਕਰਨ ਲਈ ਯਤਨ ਜਾਰੀ ਰੱਖਣੇ ਚਾਹੀਦੇ ਹਨ। ਇਸ ਸਮੇਂ ਭੁਪਿੰਦਰ ਸਿੰਘ ਸਿੱਧੂ ਰਿਟਾਇਰਡ ਜੇ.ਈ. ਬਿਜਲੀ ਬੋਰਡ ਕੁਲਭੂਸਨ ਮੈਨਨ ਬਰਨਾਲਾ ,ਮਾਸਟਰ ਪਰਮਜੀਤ ਸਿੰਘ ਮਾਸਟਰ ਰਾਜਾ ਸਿੰਘ, ਅੰਤਰਜੀਤ ਭੱਠਲ,ਸੁਖਮਿੰਦਰ ਸਿੰਘ ਕੱਟੂ ਸੁਖਵਿੰਦਰ ਸਿੰਘ ਬਾਲੀਆ, ਬਲਦੇਵ ਸਿੰਘ ਗੋਗੀ ਕੱਟੂ ਸ. ਜੋਬਨਜੀਤ ਸਿੰਘ ਬਰਨ ਧਨੌਲਾ,ਸੁਖਦੇਵ ਸਿੰਘ ਰਣਜੀਤ ਸਿੰਘ ਬਲਜਿੰਦਰ ਸਿੰਘ, ਧੰਨਾ ਸਿੰਘ, ਬਿੱਲੂ ਸਿੰਘ ਗਗਨਦੀਪ ਸਿੰਘ, ਸੱਜਣ ਸਿੰਘ, ਬਲਤੇਜ ਸਿੰਘ, ਗੁਰਦੀਪ ਸਿੰਘ ਆਦਿ ਵੱਡੀ ਗਿਣਤੀ ਵਿੱਚ ਲਾਇਬਰੇਰੀ ਦੇ ਅਹੁਦੇਦਾਰ, ਪੇਂਡੂ ਲੋਕ, ਸਾਹਿਤਕਾਰ, ਲੇਖਕ ਲਾਇਬਰੇਰੀ ਦੇ ਹਾਲ ਵਿੱਚ ਹਾਜ਼ਰ ਸਨ। ਸਾਹਿਤਕ ਵਿਚਾਰਾਂ ਵੀ ਕੀਤੀਆ ਗਈਆ। ਇਸ ਤਰ੍ਹਾਂ ਇਹ ਪ੍ਰਭਾਵਸਾਲੀ ਸਮਾਗਮ ਹਰ ਇੱਕ ਨੂੰ ਸਿੱਖਣ ਲਈ ਪ੍ਰੇਰਿਤ ਕਰਦਾ ਹੋਇਆ ਸਫ਼ਲਤਾਪੂਰਵਕ ਸਮਾਪਤ ਹੋਇਆ। ਲੇਖਕਾਂ, ਸਹਿਯੋਗੀਆਂ ਦਾ ਲੋਈਆਂ,ਮੋਮੈਂਟੋ ਅਤੇ ਸਿਰੋਪਿਆਂ ਨਾਲ ਸਨਮਾਨ ਕੀਤਾ ਗਿਆ।ਅੰਤ ਵਿੱਚ ਪੁਸਤਕ ਦੇ ਲੇਖਕ ਉੱਘੇ ਸਿੱਖਿਆ ਸ਼ਾਸਤਰੀ ,ਸਮਾਜ ਸੇਵੀ ,ਸਕੂਲੀ ਵਿਦਿਆਰਥੀਆਂ ਅਤੇ ਅਧਿਆਪਕਾਂ ਨੂੰ ਸਮਰਪਿਤ ਅਤੇ ਵਿਦਵਾਨ ਬਰਜਿੰਦਰ ਪਾਲ ਸਿੰਘ ਨੈਸਨਲ ਅਵਾਰਡੀ ਵੱਲੋ ਸਾਰਿਆਂ ਦਾ ਦਿਲੋਂ ਧੰਨਵਾਦ ਕੀਤਾ ਗਿਆ।

# ਗਰੀਨ ਵੁੱਡ ਅਸਟੇਟ ਅਤੇ ਲਾਇਨਜ਼ ਕਲੱਬ ਖਰੜ ਵਲੋਂ ਪੌਦੇ ਲਗਾਏ




ਖਰੜ, ( ਕਾਲਾ ਸਿੰਘ ਸੈਣੀ ):-ਗਰੀਨ ਵੁੱਡ ਅਸਟੇਟ ਅਤੇ ਲਾਇਨਜ਼ ਕਲੱਬ ਖਰੜ ਵਲੋ ਗਰੀਨਵੁੱਡ ਕਲੋਨੀ ਸੰਨੀ ਇਨਲਕੇਵ, ਗੁਲਮੋਹਰ ’ਚ ਵੱਖ-ਵੱਖ ਪ੍ਰਕਾਰ ਦੇ ਪੌਦੇ ਲਗਾਏ ਗਏ। ਇਸ ਮੁਹਿਮ ਦੀ ਸ਼ੁਰੂਆਤ ਪ੍ਰੋਜੈਕਟ ਚੇਅਰਮੈਨ ਪ੍ਰਭਜੋਤ ਸਿੰਘ ਪੂਨੀਆਂ ਦੀ ਕੀਤਾ ਗਈ। ਇਸ ਮੁਹਿਮ ’ਚ ਵਿਸ਼ੇਸ਼ ਤੌਰ ’ਤੇ ਸ੍ਰੋਮਣੀ ਅਕਾਲੀ ਦਲ ਦੇ ਜਥੇਬੰਦਕ ਸਕੱਤਰ ਕੁਲਵੰਤ ਸਿੰਘ ਤ੍ਰਿਪੜੀ ਅਤੇ ਖੇਡ ਪ੍ਰੋਮੋਟਰਜ਼ ਦਵਿੰਦਰ ਸਿੰਘ ਬਾਜਵਾ ਵਲੋਂ ਸਿਰਕਤ ਕੀਤੀ ਗਈ ਅਤੇ ਪੌਦੇ ਲਗਾਏ ਗਏ। ਇਸ ਮੌਕੇ ਕੁਲਵੰਤ ਸਿੰਘ ਤ੍ਰਿਪੜੀ ਨੇ ਕਿਹਾ ਕਿ ਸਾਨੂੰ ਵੱਧ ਤੋਂ ਵੱਧ ਛਾਂਦਾਰ ਅਤੇ ਫਲਦਾਰ ਪੌਦੇ ਲਗਾਉਣ ਦੇ ਨਾਲ-ਨਾਲ ਉਨਾਂ ਦੀ ਦੇਖ-ਰੇਖ ਕਰਕੇ ਪਾਲਣੇ ਵੀ ਚਾਹੀਦੇ ਹਨ। ਤਾਂ ਹੀ ਵਾਤਾਵਰਨ ਸੁੱਧ ਰਹੇਗਾ ਅਤੇ ਕਈ ਬਿਮਾਰੀਆਂ ਤੋਂ ਛੁਟਕਾਰਾ ਮਿਲ ਸਕੇਗਾ। ਇਸ ਮੌਕੇ ਕਲੱਬ ਦੇ ਪ੍ਰਧਾਨ ਨਵੀਨ ਕੁਮਾਰ ਗੁਪਤਾ, ਨਰਿੰਦਰਪਾਲ ਸਿੰਘ, ਦਵਿੰਦਰ ਗੁਪਤਾ, ਗਗਨਦੀਪ ਸਿੰਘ, ਸੋਨੂੰ ਠੁਕਰਾਲ, ਗੁਰਿੰਦਰ ਸਿੰਘ,ਸਾਗਰ ਵਸ਼ਿਸ਼ਟ, ਪ੍ਰੀਤਕੰਵਲ ਸਿੰਘ, ਰਾਜੇਸ਼ ਗੁਪਤਾ, ਰਾਜੀਵ ਗਰਗ,ਅਨਿਲ ਗੁਪਤਾ, ਜਿੰਮੀ,ਬਲਵਿੰਦਰ ਸਿੰਘ,ਅਮਰਜੀਤ ਸਿੰਘ ਲੋਗੀਆਂ, ਮੰਨੂੰ ਦੱਤ, ਕੁਲਜਿੰਦਰ ਸਿੰਘ, ਅਜੈ ਗੁਪਤਾ ਸਮੇਤ ਹੋਰ ਅਹੁੱਦੇਦਾਰ ਹਾਜ਼ਰ ਸਨ।

# ਖਾਲਸਾ ਹਾਕੀ ਅਕੈਡਮੀ ਖਰੜ ਦੇ ਬੱਚਿਆਂ ਨੂੰ ਮਰਾਕੇ ਸਟੈਕ ਕੰਪਨੀ ਵਲੋਂ ਟੀ-ਸ਼ਰਟਾਂ ਤੇ ਜੁਰਾਬਾਂ ਵੰਡਿਆਂ




ਖਰੜ, ( ਕਾਲਾ ਸਿੰਘ ਸੈਣੀ ):-ਖਾਲਸਾ ਹਾਕੀ ਅਕੈਡਮੀ ਖਰੜ ਦੇ ਸੱਦੇ ’ਤੇ ਸ਼ਹੀਦ ਭਗਤ ਸਿੰਘ ਸਟੇਡੀਅਮ ਮੁੰਡੀ ਖਰੜ ਵਿਖੇ ਮਾਰਕੇ ਸਟੈਕ ਦੇ ਐਮ ਡੀ ਦੇਵਜੀਤ ਸਿੰਘ ਅਤੇ ਸੰਜੇ ਕੁਮਾਰ ਵਲੋਂ ਵਿਸ਼ੇਸ਼ ਤੌਰ ’ਤੇ ਸਿਰਕਤ ਕੀਤੀ। ਉਨਾਂ ਖਾਲਸਾ ਹਾਕੀ ਅਕੈਡਮੀ ਦੇ ਇਸ ਉਪਰਾਲੇ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਖੇਡਾਂ ਸਾਡੇ ਜੀਵਨ ਦਾ ਅੰਗ ਹਨ ਅਤੇ ਖੇਡਾਂ ਨਾਲ ਸਾਡਾ ਜੀਵਨ ਤੰਦਰੁਸਤ ਰਹਿੰਦਾ ਹੈ। ਅਜੋਕੇ ਸਮੇਂ ਅੰਦਰ ਬੱਚਿਆਂ ਨੂੰ ਖੇਡਾਂ ਵੱਲ ਪ੍ਰੇਰਿਤ ਕਰਨਾ ਸਮੇਂ ਦੀ ਮੁੱਖ ਲੋੜ ਹੈ ਤਾਂ ਜੋ ਬੱਚਿਆਂ ਨੂੰ ਨਸ਼ਿਆਂ ਤੋਂ ਦੂਰ ਰੱਖਿਆ ਜਾ ਸਕੇ। ਇਸ ਮੌਕੇ ਮੁੱਖ ਮਹਿਮਾਨ ਵਲੋਂ ਬੱਚਿਆਂ ਨੂੰ ਟੀ-ਸ਼ਰਟਾਂ ਅਤੇ ਜੁਰਾਬਾਂ ਵੰਡਿਆਂ। ਇਸ ਮੌਕੇ ਕੋਚ ਪ੍ਰਤਾਪ ਸਿੰਘ ਖਾਲਸਾ,ਕੋਚ ਜਗਦਿਓ ਸਿੰਘ,ਕੋਚ ਬਲਵਿੰਦਰ ਸਿੰਘ ਤੋਤਾ (ਆਰ.ਸੀ.ਐਫ.) ਨੇ ਦੱਸਿਆ ਕਿ ਅਕੈਡਮੀ ’ਚ ਇਸ ਸਮੇਂ 25 ਦੇ ਕਰੀਬ ਬੱਚੇ ਹਾਕੀ ਦੀ ਸਿਖਲਾਈ ਲੈ ਰਹੇ ਹਨ। ਉਨਾਂ ਵਲੋਂ ਪਿੱਛਲੇ ਤਿੰਨ ਕੁ ਸਾਲਾਂ ਤੋਂ ਅਕੈਡਮੀ ਦ ੇਬੱਚਿਆਂ ਨੂੰ ਫ੍ਰੀ ਸਿਖਲਾਈ ਦਿੱਤੀ ਜਾਂਦੀ ਹੈ। ਇਸ ਮੌਕੇ ਭੁਪਿੰਦਰ ਸਿੰਘ ਸਹੋਤਾ,ਸਰਬਜੀਤ ਸਿੰਘ ਸਹੋਤਾ,ਮੁਨੀਸ਼ ਸੈਣੀ,ਅਜੀਤਪਾਲ ਸਿੰਘ,ਪਿੰਕੀ ਸ਼ਰਮਾ,ਪ੍ਰੀਤੀ ਸੈਣੀ,ਮੋਹਿਤ,ਅੰਮ੍ਰਿਤਪਾਲ ਸਿੰਘ ਅਤੇ ਬੱਚਿਆਂ ਦੇ ਮਾਪੇ ਹਾਜ਼ਰ ਸਨ।

# ਲੋਕ ਸਭਾ ਚੋਣਾਂ 2024 ਦੌਰਾਨ ਸ਼ਾਨਦਾਰ ਪ੍ਰਦਰਸ਼ਨ ਕਰਨ ਤੇ ਵੈਬਕਾਸਟਿੰਗ ਟੀਮ ਨੂੰ ਡਿਪਟੀ ਕਮਿਸ਼ਨਰ ਵੱਲੋਂ ਵੰਡੇ ਗਏ ਪ੍ਰਸ਼ੰਸਾ ਪੱਤਰ




ਸਹੀਦ ਭਗਤ ਸਿੰਘ ਨਗਰ (ਰਮੇਸ ਸਰਮਾ/ਮਨਪ੍ਰੀਤ ਵਾਸੂ)ਡਿਪਟੀ ਕਮਿਸ਼ਨਰ ਸ੍ਰੀ ਨਵਜੋਤ ਪਾਲ ਸਿੰਘ ਰੰਧਾਵਾ ਆਈ.ਏ.ਐਸ ਵੱਲੋਂ ਲੋਕ ਸਭਾ ਚੋਣਾਂ 2024 ਦੌਰਾਨ ਵੈਬਕਾਸਟਿੰਗ ਕੰਟਰੋਲ ਰੂਮ ਵਿੱਚ ਸੇਵਾਵਾਂ ਦੇਣ ਵਾਲੇ ਅਧਿਕਾਰੀਆਂ ਅਤੇ ਕਰਮਚਾਰੀਆਂ ਨੂੰ ਪ੍ਰਸ਼ੰਸਾ ਸਰਟੀਫਿਕੇਟ ਦੇ ਕੇ ਸਨਮਾਨਿਤ ਕੀਤਾ ਗਿਆ। ਉਹਨਾਂ ਵੱਲੋਂ ਦੱਸਿਆ ਗਿਆ ਕਿ ਲੋਕ ਸਭਾ ਚੋਣਾਂ 2024 ਦੌਰਾਨ ਜਿਲੇ ਵਿੱਚ ਵੱਧ ਤੋਂ ਵੱਧ ਸਵੀਪ ਗਤੀਵਿਧੀਆਂ ਕਰਵਾਈਆਂ ਗਈਆਂ ਜਿਸ ਦੇ ਦੌਰਾਨ ਸਕੂਲਾਂ, ਕਾਲਜਾਂ ਅਤੇ ਹੋਰ ਵਿਦਿਅਕ ਸੰਸਥਾਵਾਂ ਵਿੱਚ ਜਾ ਕੇ ਸਵੀਪ ਟੀਮ ਵੱਲੋਂ ਨੌਜਵਾਨਾਂ ਨੂੰ ਵੱਧ ਤੋਂ ਵੱਧ ਵੋਟ ਪਾਉਣ ਲਈ ਪ੍ਰੇਰਿਆ ਗਿਆ। ਜਿਸ ਦੇ ਨਾਲ ਆਪਣੇ ਜਿਲ੍ਹੇ ਦੀ ਵੋਟਿੰਗ ਪ੍ਰਤੀਸ਼ਤ ਵਿੱਚ ਵਾਧਾ ਹੋਇਆ ਹੈ। ਇਸ ਦੇ ਨਾਲ ਹੀ ਚੋਣਾਂ ਵਾਲੇ ਦਿਨ ਜਿਲਾ ਵੈਬਕਾਸਟਿੰਗ ਕੰਟਰੋਲ ਰੂਮ ਵਿੱਚ ਵੈਬਕਾਸਟਿੰਗ ਟੀਮ ਵੱਲੋਂ ਆਪਣੇ ਕੰਮ ਨੂੰ ਲੈ ਕੇ ਸ਼ਾਨਦਾਰ ਪ੍ਰਦਰਸ਼ਨ ਕੀਤਾ ਗਿਆ ਹੈ ਜਿਸ ਦੇ ਸਦਕੇ ਸਮੂਹ ਜਿਲੇ ਵਿੱਚ ਹਰ ਇੱਕ ਬੂਥ ਤੇ ਵੋਟਿੰਗ ਬਹੁਤ ਹੀ ਸ਼ਾਂਤਮਈ ਢੰਗ ਨਾਲ ਨੇਪਰੇ ਚੜੀ ਹੈ ਸਮੂਹ ਅਧਿਕਾਰੀਆਂ ਅਤੇ ਕਰਮਚਾਰੀਆਂ ਦੇ ਕੰਮ ਦੀ ਸਲਾਂਘਾ ਕਰਦੇ ਹੋਏ ਡਿਪਟੀ ਕਮਿਸ਼ਨਰ ਵੱਲੋਂ ਸਮੂਹ ਵੈਬਕਾਸਟਿੰਗ ਟੀਮ ਨੂੰ ਪ੍ਰਸ਼ੰਸਾ ਪੱਤਰ ਦਿੰਦੇ ਹੋਏ ਆਉਣ ਵਾਲੇ ਭਵਿੱਖ ਵਿੱਚ ਵੀ ਵਧੀਆ ਕੰਮ ਕਰਨ ਲਈ ਪ੍ਰੇਰਿਤ ਕੀਤਾ ਗਿਆ ਹੈ। ਉਪਰੋਕਤ ਪ੍ਰੋਗਰਾਮ ਵਿੱਚ ਵੈਬਕਾਸਟਿੰਗ ਟੀਮ ਦੇ ਨੋਡਲ ਅਫਸਰ ਰਾਜਕੁਮਾਰ, ਟੀਮ ਦੇ ਮੈਂਬਰ ਵਜੋਂ ਸੇਵਾਵਾਂ ਦੇਣ ਵਾਲੇ ਕੰਚਨ ਅਰੋੜਾ , ਜਿਲਾ ਬਾਲ ਸੁਰੱਖਿਆ ਅਫਸਰ, ਸੁਮਿਤ ਸ਼ਰਮਾ ਟ੍ਰੇਨਿੰਗ ਅਤੇ ਪਲੇਸਮੈਂਟ ਅਫਸਰ, ਸ਼ਾਨੂ ਰਾਣਾ, ਅਕਾਊਂਟੈਂਟ, ਸੰਤੋਸ਼ ਡਾਟਾ ਐਂਟਰੀ ਆਪਰੇਟਰ, ਕਾਂਤਾ ਆਊਟਰੀਚ ਵਰਕਰ, ਹਰਪ੍ਰੀਤ ਕੌਰ ਅਤੇ ਡੀਸੀ ਦਫਤਰ ਦਾ ਸਟਾਫ ਹਾਜ਼ਰ ਸਨ।

## ਕੈਪਸ਼ਨ



ਪਿੰਡ ਖਾਨਪੁਰ ਦੀ ਨੌਜਵਾਨ ਸਭਾ ਵੱਲੋਂ ਲਗਾਏ ਗਏ ਛਾਂਦਾਰ ਤੇ ਫਲਾਂਦਾਰ ਪੌਦੇ ਲਗਾਏ।
ਇਸ ਮੌਕੇ ਸਮਾਜ ਸੇਵੀ ਸੰਸਥਾਵਾਂ ਦੇ ਨੁਮਾਇੰਦੇ ਸੁੱਖਦੀਪ ਸਿੰਘ ਸੁੱਖਾ, ਗੁਰਪ੍ਰੀਤ ਸਿੰਘ ਗੁਰੀ, ਅਮਨਪ੍ਰੀਤ ਸਿੰਘ ਖਾਨਪੁਰੀ, ਸੰਦੀਪ ਸਿੰਘ ਸੈਨੀ,ਗੁਰਪ੍ਰੀਤ ਸਿੰਘ, ਸੁੱਖਪ੍ਰੀਤ ਸਿੰਘ,ਪ੍ਰਦੀਪ ਸਿੰਘ ਬੱਬੂ ,ਅਕਸ਼, ਗੁਰਕੀਰਤ ਸਿੰਘ ਛੋਟਾ, ਬਲਵਿੰਦਰ ਸਿੰਘ ਰਿਦਾ ਲਵਦੀਪ ਆਰਜੂ,ਭਾਗ ਸਿੰਘ ਗੋਲੂ ,ਰਾਜੂ ਆਦਿ ਹੋਰ ਨੌਜਵਾਨ ਸਾਥੀ ਮੌਜੂਦ ਸਨ।
ਫੋਟੋ ਤੇ ਵੇਰਵਾ:ਕਾਲਾ ਸਿੰਘ ਸੈਣੀ,ਖਰੜ।

## ਜਨਮਦਿਨ ਮੁਬਾਰਕ



ਨਾਮ:- ਮਨਦੀਪ ਜੋਸ਼ੀ
ਪਿਤਾ:- ਰਕੇਸ਼ ਕੁਮਾਰ
ਮਾਤਾ:- ਸਵੀਤਾ ਜੋਸ਼ੀ
ਪਿੰਡ ਥਲੂ, ਸ੍ਰੀ ਅਨੰਦਪੁਰ ਸਾਹਿਬ

# ਅੱਖੀਆਂ ਗੀਤ ਰਾਹੀਂ ਜ਼ਲਦ ਹਾਜ਼ਰ ਹੋ ਰਿਹਾ ਗਾਇਕ ਪਰਮ ਚੀਮਾਂ

## ਵਿਸ਼ਵ ਪ੍ਰਸਿੱਧ ਸੰਗੀਤ ਨਿਰਮਾਤਾ ਪਿੰਕੀ ਧਾਲੀਵਾਲ ਵੱਲੋਂ ਅਮਰ ਆਡੀਓ ਦੇ ਬੈਨਰ ਹੇਠ ਹੋਵੇਗਾ ਗੀਤ ਰਲੀਜ਼

ਪੰਜਾਬ ਯੂਨੀਵਰਸਿਟੀ ਦੇ ਯੁਵਕ ਮੇਲਿਆਂ ਦੇ ਮੰਚਾਂ ਤੋਂ ਪਾਵਰਕਾਮ ਦੀਆਂ ਸਟੇਜ਼ਾਂ ਰਾਹੀਂ ਪ੍ਰਵਾਨ ਚੜ੍ਹੇ ਗਾਇਕ ਪਰਮ ਚੀਮਾਂ ਨੇ ਹੁਣ ਪ੍ਰੋਫੈਸ਼ਨਲ ਗਾਇਕ ਵਜੋਂ ਦਸਤਕ ਦਿੱਤੀ ਹੈ। ਸੰਗੀਤ ਵਿੱਦਿਆ ਵਿੱਚ ਨਿਪੁੰਨ ਉਸਤਾਦ ਲਾਲੀ ਖਾਨ ਦਾ ਚੇਲਾ ਗਾਇਕ ਪਰਮ ਚੀਮਾਂ ਜ਼ਲਦ ਹੀ ਸਿੰਗਲ ਟਰੈਕ ਅੱਖੀਆਂ ਰਾਹੀਂ ਸੰਗੀਤਕ ਉਡਾਣ ਭਰ ਰਿਹਾ ਹੈ। ਇਸ ਗੀਤ ਨੂੰ ਖੂਬਸੂਰਤ ਸ਼ਬਦਾਂ ਵਿੱਚ ਪਰੋਇਆ ਹੈ, ਉਸਦੇ ਪੁਰਾਣੇ ਬੇਲੀ ਲੈਕਚਰਾਰ ਜਗਤਾਰ ਸਿੰਘ ਚੀਮਾਂ ਨੇ ਅਤੇ ਸੰਗੀਤਕ ਧੁੰਨਾਂ ਨਾਲ ਸ਼ਿੰਗਾਰਿਆ ਹੈ ਪ੍ਰਸਿੱਧ ਸੰਗੀਤਾਰ ਸਾਬੀ ਨੇ। ਪਰਮ ਚੀਮਾਂ ਨੇ ਇਸ ਗੀਤ ਦੀ ਕੰਪੋਜ਼ ਖੁਦ ਤਿਆਰ ਕੀਤੀ ਹੈ ਅਤੇ ਉਘੇ ਫਿਲਮ ਡਾਇਰੈਕਟਰ ਜਸਪ੍ਰੀਤ ਮਾਨ ਨੇ ਵੱਖ-ਵੱਖ ਲੋਕੇਸ਼ਨਾਂ ਉਪਰ ਅੱਖੀਆਂ ਗੀਤ ਦਾ ਵੀਡੀਓ ਫਿਲਮਾਂਕਣ ਕੀਤਾ ਹੈ। ਇਸ ਰੋਮਾਂਟਿਕ ਗੀਤ ਦੇ ਵੀਡੀਓ ਵਿੱਚ ਪਰਮ ਚੀਮਾਂ ਦੇ ਨਾਲ ਸੀਰਤਪ੍ਰੀਤ ਕੌਰ ਵੱਲੋਂ ਬਹੁਤ ਹੀ ਖੂਬਸੂਰਤ ਅਦਾਵਾਂ ਵਿੱਚ ਅਦਾਕਾਰੀ ਕੀਤੀ ਗਈ ਹੈ ਅਤੇ ਕੈਮਰਾਮੈਨ ਜੀਵਨ ਹੀਰ ਵੱਲੋਂ ਪੂਰੀ ਮਿਹਨਤ ਨਾਲ ਫਿਲਮਾਂਕਣ ਕੀਤਾ ਗਿਆ ਹੈ। ਗੀਤ ਦੀ ਵੀਡੀਓ ਸ਼ੂਟਿੰਗ ਮੌਕੇ ਕਮਲ ਵੱਲੋਂ ਮੇਕਅੱਪ, ਇੰਦਰ ਵੱਲੋਂ ਲਾਈਟ ਅਤੇ ਲੈਂਬਰਦੀਪ ਬੁਰਜ ਵੱਲੋਂ ਪ੍ਰੋਡਕਸ਼ਨ ਮੈਨੇਜਿੰਗ ਦਾ ਕੰਮ ਬਾਖੂਬੀ ਨਿਭਾਇਆ ਗਿਆ ਹੈ। ਅਨਮੋਲਦੀਪ ਸਿੰਘ ਚੀਮਾਂ (ਕੈਨੇਡਾ) ਦੀ



ਪੇਸ਼ਕਸ਼ ਅੱਖੀਆਂ ਗੀਤ ਨੂੰ ਵਿਸ਼ਵ ਪ੍ਰਸਿੱਧ ਸੰਗੀਤ ਨਿਰਮਾਤਾ ਪਿੰਕੀ ਧਾਲੀਵਾਲ ਵੱਲੋਂ ਅਮਰ ਆਡੀਓ ਦੇ ਬੈਨਰ ਹੇਠ ਰਲੀਜ਼ ਕੀਤਾ ਜਾਵੇਗਾ। ਪਰਮ ਚੀਮਾਂ ਨੇ ਦੱਸਿਆ ਕਿ ਅੱਖੀਆਂ ਗੀਤ ਇੱਕ ਸਾਫ਼-ਸੁਥਰੀ ਸੱਭਿਆਚਾਰਕ ਸਾਕਾਰਾਤਮਕ ਪੇਸ਼ਕਾਰੀ ਹੈ, ਜਿਸ ਨੂੰ ਸੁਣਕੇ ਅਤੇ ਵੇਖਕੇ ਸੁਖਦ ਸਕੂਨ ਮਹਿਸੂਸ ਮਿਲੇਗਾ।

# ਵਾਕਿਫ ਬੋਰਡ ਦੀ ਜ਼ਮੀਨ ਤੇ ਸਾਲ 1958 ਤੋਂ ਕਾਸ਼ਤਕਾਰ ਤੇ ਕਾਬਜ਼ਦਾਰ : ਕੇਸਰ ਸਿੰਘ ਨੰਬਰਦਾਰ

ਖਰੜ,( ਕਾਲਾ ਸਿੰਘ ਸੈਣੀ ):-ਨਗਰ ਕੌਂਸਲ ਖਰੜ 'ਚ ਪੈਂਦੇ ਪਿੰਡ ਖਾਨਪੁਰ ਵਿਖੇ ਖਰੜ-ਰੋਪੜ ਹਾਈਵੇਅ ਤੇ ਸਥਿਤ ਵਾਕਿਫ ਬੋਰਡ ਦੀ ਜ਼ਮੀਨ ਤੇ ਕਥਿਤ ਤੌਰ ਤੇ ਕੁਝ ਵਿਅਕਤੀਆਂ ਵਲੋਂ ਬੀਤੀ ਰਾਤ ਕਬਜ਼ਾ ਕਰਨ ਦੀ ਕੋਸ਼ਿਸ ਕੀਤੀ ਗਈ ਅਤੇ ਜ਼ਮੀਨ ਵਿਚ ਰਹਿ ਰਹੇ ਪ੍ਰਵਾਸੀ ਮਜਦੂਰਾਂ ਨੂੰ ਡਰਾ ਧਮਕਾ ਕੇ ਜ਼ਮੀਨ ਖਾਲੀ ਕਰਨ ਲਈ ਧਮਕੀ ਦਿੱਤੀ ਗਈ। ਇਸ ਸਬੰਧੀ ਜਾਣਕਾਰੀ ਦਿੰਦਿਆ ਪਿੰਡ ਖਾਨਪੁਰ ਦੇ ਨੰਬਰਦਾਰ ਕੇਸਰ ਸਿੰਘ ਨੇ ਆਪਣੇ ਭਰਾ ਦੀ ਮੌਜੂਦਗੀ ਵਿਚ ਦਸਿਆ ਕਿ ਉਹ ਤਿੰਨ ਭਰਾ ਹਨ ( ਕੇਸਰ ਸਿੰਘ ਨੰਬਰਦਾਰ, ਬਲਵਿੰਦਰ ਸਿੰਘ ਅਤੇ ਜਗਜੀਤ ਸਿੰਘ ਹਨ)।ਉਨਾਂ ਜ਼ਮੀਨ ਵਿਚ ਪੱਤਰਕਾਰਾਂ ਨਾਲ ਗੱਲਬਾਤ ਕਰਦਿਆ ਦਸਿਆ ਕਿ ਸਾਲ 1958 ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅਮ੍ਰਿਤਸਰ ਵਲੋਂ ਪਿੰਡ ਖਾਨਪੁਰ ਵਿਚ 2 ਵਿੱਘੇ 16 ਬਿਸਵੇ ਜ਼ਮੀਨਪਟੇ ਤੇ ਲਈ ਸੀ ਅਤੇ ਉਸਤੋਂ ਬਾਅਦ ਜਦੋਂ ਮਿਤੀ 11-08-1974 ਨੂੰ ਵਾਕਿਫ ਬੋਰਡ ਦਾ ਗਠਨ ਹੋਇਆ ਤਾਂ ਇਹ ਜ਼ਮੀਨ ਵਾਕਿਫ ਬੋਰਡ ਦੇ ਤਹਿਤ ਆ ਗਈ। ਉਹ ਉਦੋਂ ਤੋਂ ਲੈ ਕੇ ਹੁਣ ਤੱਕ ਇਸ ਜ਼ਮੀਨ ਤੇ ਅਸੀ ਕਾਬਜ਼ਕਾਰ ਅਤੇ ਕਾਸ਼ਤਕਾਰ ਹਾਂ ਅਤੇ ਇਸ ਜ਼ਮੀਨ ਦੀਆਂ ਮਾਲ ਰਿਕਾਰਡ ਵਿਚ ਗਿਰਦਾਵਰੀਆਂ ਵਿਚ ਉਨਾਂ ਦੇ ਨਾਂ ਦਰਜ਼ ਹਨ। ਉਨਾਂ ਦਸਿਆ ਕਿ ਭਾਰਤ ਸਰਕਾਰ ਵਲੋਂ ਖਰੜ-ਰੋਪੜ ਹਾਈਵੇਅ ਨੂੰ ਚੋੜਾ ਕਰਨ ਲਈ ਇਸ ਸਮੇਂ ਵਿਚੋ 1 ਵਿੱਘਾ 9 ਬਿਸਵੇ ਜ਼ਮੀਨ ਸਰਕਾਰ ਵਲੋਂ ਐਕਵਾਇਰ ਕੀਤੀ ਗਈ ਹੈ ਜਿਸਦਾ 1 ਕਰੋੜ 37 ਲੱਖ 54 ਹਜ਼ਾਰ 155 ਰੁਪਏ ਮੁਆਵਜ਼ਾ ਬਣਦਾ ਹੈ , ਉਸ ਸਬੰਧੀ ਐਸ.ਡੀ.ਐਮ. ਖਰੜ ਵਲੋਂ ਆਪਣੇ ਪੱਤਰ ਨੰ: 457 ਮਿਤੀ 13-07-2023 ਨੂੰ ਵਧੀਕ ਜਿਲਾ ਜੱਜ ਐਸ.ਏ.ਐਸ. ਨਗਰ ਨੂੰ ਪੱਤਰ ਲਿਖ ਕੇ ਜ਼ਮੀਨ ਦਾ ਕੇਸ ਮਾਨਯੋਗ ਪੰਜਾਬ ਤੇ ਹਰਿਆਣਾ ਹਾਈਕੋਰਟ ਚੰਡੀਗੜ ਵਿਚ ਕੇਸ ਪੈਂਡਿੰਗ ਹੋਣ ਕਾਰਨ ਕੋਰਟ ਵਿਚ ਕਰਵਾਉਣ ਲਈ ਲਿਖਿਆ ਗਿਆ ਸੀ। ਇਸ ਜ਼ਮੀਨ ਸਬੰਧੀ ਅੱਜ ਵੀ ਜਿਲਾ ਸਾਹਿਬਜਾਦਾ ਅਜੀਤ ਸਿੰਘ ਨਗਰ ਦੇ ਜਿਲਾ ਸੈਸਨ ਜੱਜ ਦੀ ਅਦਾਲਤ ਵਿਚ ਤਾਰੀਖ ਪੇਸ਼ੀ ਸੀ, ਉਨਾਂ ਅੱਗੇ ਦਸਿਆ ਕਿ ਬੀਤੀ 7 ਜੁਲਾਈ ਨੂੰ ਸ਼ਾਮੀ 4-30 ਵਜੇ ਦੇ ਕਰੀਬ ਦੀ ਗੱਲ ਹੈ ਕਿ ਕੁਝ ਅਣਪਛਾਤੇ ਵਿਅਕਤੀ ਉਥੇ ਆਏ ਅਤੇ ਜ਼ਮੀਨ ਵਿਚ ਉਨਾਂ ਦੇ ਨੌਕਰ ਆਪਣੇ ਪਰਿਵਾਰ ਸਮੇਤ ਰਹਿ ਰਹੇ ਹਨ, ਉਨਾਂ ਨੂੰ ਡਰਾਇਆ ਧਮਕਾਇਆ ਤੇ ਉਨਾਂ ਨੂੰ ਕਿਹਾ ਕਿ ਇਹ ਜ਼ਮੀਨ ਵਾਕਿਫ ਬੋਰਡ ਤੋਂ ਅਸੀ ਪਟੇ ਤੇ ਲਈ ਹੈ ਤੁਸੀ ਖਾਲੀ ਕਰ ਦਿਓ। ਨੌਕਰਾਂ ਵਲੋਂ ਸਾਨੂੰ ਜਾਣਕਾਰੀ ਦਿੱਤੀ ਗਈ

ਜਿਸ ਤੇ ਉਹ ਮੌਕੇ ਤੇ ਪੁੱਜੇ ਤੇ ਸਬੰਧਤ ਵਿਅਕਤੀਆਂ ਨੂੰ ਕਿਹਾ ਕਿ ਉਹ ਕਾਗਜਾਤ ਦਿਖਾਉਣ , ਪਰ ਉਹ ਮੌਕੇ ਤੇ ਕਾਗਜਾਤ ਨਹੀ ਦਿਖਾ ਸਕੇ ਜਿਸਤੇ ਉਨਾਂ ਕਿਹਾ ਕਿ ਉਹ ਪਹਿਲਾਂ ਕਾਗਜ਼ਾਤ ਦਿਖਾਉਣ। ਜਦੋਂ ਉਹ ਇਸ ਜ਼ਮੀਨ ਸਬੰਧੀ ਦਸਤਾਂਵੇਜ ਅਤੇ ਕਾਗਜਾਤ ਆਪਣੇ ਘਰ ਲੈਣ ਲਈ ਗਿਆ ਤਾਂ ਉਹ ਵਿਅਕਤੀ ਉਥੋ ਫਰਾਰ ਹੋ ਗਏ। ਉਨਾਂ ਦਸਿਆ ਕਿ ਬੀਤੀ ਰਾਤ 2-ਢਾਈ ਵਜੇ ਦੇ ਕਰੀਬ ਉਹ ਹੀ ਵਿਅਕਤੀ



ਗੱਡੀਆਂ ਵਿਚ ਆਏ ਤਾਂ ਉਨਾਂ ਦੀ ਜ਼ਮੀਨ ਵਿਚ ਰਹਿ ਰਹੇ ਨੌਕਰਾਂ ਨੂੰ ਡਰਾਇਆ ਧਮਕਾਇਆ ਗਿਆ ਅਤੇ ਕੁੱਟਮਾਰ ਕੀਤੀ ਅਤੇ ਰੌਲਾ ਪੈਣ ਤੇ ਉਹ ਮੁੜ ਫਰਾਰ ਹੋ ਗਏ। ਉਨਾਂ ਦਸਿਆ ਇਸ ਸਬੰਧੀ ਡਿਪਟੀ ਕਮਿਸ਼ਨਰ, ਐਸ.ਐਸ.ਐਸ.ਪੀ.ਮੁਹਾਲੀ, ਐਸ.ਡੀ.ਐਮ.ਖਰੜ, ਡੀ.ਐਸ.ਪੀ.ਖਰੜ ਨੂੰ ਲਿਖਤੀ ਸ਼ਿਕਾਇਤਾਂ ਦਿੱਤੀਆਂ ਗਈਆਂ ਹਨ। ਉਨਾਂ ਕਿਹਾ ਕਿ ਉਨਾਂ ਨੂੰ ਡਰ ਹੈ ਕਿ ਉਹ ਵਿਅਕਤੀ ਕਿਸੇ ਵੀ ਸਮੇਂ ਜ਼ਮੀਨ ਵਿਚ ਰਹਿ ਰਹੇ ਉਨਾਂ ਦੇ ਨੌਕਰਾਂ ਅਤੇ ਉਨਾਂ ਦਾ ਅਤੇ ਪਰਿਵਾਰਾਂ ਦਾ ਨੁਕਸਾਨ ਕਰ ਸਕਦੇ ਹਨ।

# ਸ਼੍ਰੀ ਗੁਰੂ ਰਾਮਦਾਸ ਸੇਵਾ ਸੁਸਾਇਟੀ, ਨਵਾਂਸ਼ਹਿਰ ਨੇ ਸ਼ਹਿਰ ਦੀਆਂ ਵਾਤਾਵਰਣ ਪ੍ਰੇਮੀ ਸੰਸਥਾਵਾਂ ਨਾਲ ਮਿਲਕੇ ਲਗਾਏ 300 ਬੂਟੇ




ਨਵਾਂਸ਼ਹਿਰ, (ਲੋਕ ਬਾਣੀ) : ਸ਼੍ਰੀ ਗੁਰੂ ਰਾਮਦਾਸ ਸੇਵਾ ਸੁਸਾਇਟੀ, ਨਵਾਂਸ਼ਹਿਰ ਵੱਲੋਂ ਸ਼ਹਿਰ ਦੀਆਂ ਵਾਤਾਵਰਣ ਪ੍ਰੇਮੀ ਸੰਸਥਾਵਾ ਨਾਲ ਮਿਲਕੇ ਚੰਡੀਗੜ੍ਹ ਰੋਡ ਦੇ ਡਿਵਾਈਡਰ ਉੱਤੇ 300 ਵੱਖ ਵੱਖ ਕਿਸਮ ਦੇ ਬੂਟੇ ਲਗਾਏ ਗਏ । ਇਸ ਅਭਿਆਨ ਦੇ ਤਹਿਤ ਸ਼੍ਰੀ ਗੁਰੂ ਰਾਮਦਾਸ ਸੇਵਾ ਸੋਸਾਈਟੀ ਦੇ ਨਾਲ ਗੁਰੂ ਦੀ ਰਸੋਈ, ਭਗਤ ਪੂਰਨ ਸਿੰਘ ਟਰੱਸਟ , ਆਰੀਆ ਸਮਾਜ ਨਵਾਂਸ਼ਹਿਰ , ਐਸ ਕੇ ਟੀ ਪਲਾਟੇਸ਼ਨ , ਆਸ ਵੇਲਫੇਅਰ ਸੋਸਾਈਟੀ , ਆਵਾਜ਼ ਸੋਸਾਈਟੀ , ਵਿਸ਼ਵਾਸ ਸੇਵਾ ਸੋਸਾਈਟੀ , ਆਰਟ ਆਫ ਲਿਵਿੰਗ , ਗੋ ਗ੍ਰੀਨ ਇੰਟਰਨੈਸ਼ਨਲ ਆਰਗੇਨਾਈਜੇਸ਼ਨ ,ਨਗਰ ਕੌਂਸਲ ਨਵਾਂਸ਼ਹਿਰ ਨੇ ਆਪਣਾ ਸਹਿਯੋਗ ਦਿੱਤਾ ।

ਮੁੱਖ ਤੌਰ ਤੇ ਪਹੁੰਚੇ ਬੰਗਾ ਦੇ ਵਿਧਾਇਕ ਡਾ. ਐਸ ਕੇ ਸੁੱਖੀ ਨੇ ਕਿਹਾ ਕਿ ਵਾਤਾਵਰਨ ਸੰਭਾਲ ਕਿਸੇ ਇੱਕ ਵਿਅਕਤੀ ਦੀ ਨਹੀਂ ਸਗੋਂ ਸਾਡੀ ਸਾਰਿਆਂ ਦੀ ਜਿੰਮੇਦਾਰੀ ਹੈ । ਓਹਨਾਂ ਨੇ ਇਸ ਸਫਲ ਪ੍ਰੋਗਰਾਮ ਲਈ ਆਯੋਜਕਾਂ ਨੂੰ ਵਧਾਈ ਵੀ ਦਿੱਤੀ । ਉਹਨਾਂ ਨੇ ਕਿਹਾ ਕਿ ਜਦੋਂ ਸਾਰੇ ਸ਼ਹਿਰਵਾਸੀ ਸੁੱਤੇ ਹੁੰਦੇ ਹਨ ਉਸ ਸਮੇਂ ਸ੍ਰੀ ਗੁਰੂ ਰਾਮਦਾਸ ਸਾਹਿਬ ਸੋਸਾਇਟੀ ਦੇ ਮੈਂਬਰ ਆਪਣੀ ਸੇਵਾ ਕਾਰਜ ਨਿਭਾ ਰਹੇ ਹੁੰਦੇ ਹਨ ਜੋ ਕਿ ਬਹੁਤ ਸ਼ਲਾਗਾ ਯੋਗ ਹੈ । ਆਰਿਆ ਸਮਾਜ ਦੇ ਪ੍ਰਧਾਨ ਵਿਨੋਦ ਭਾਰਦਵਾਜ ਨੇ ਕਿਹਾ ਕਿ ਸਾਡੀ ਸੰਸਕ੍ਰਿਤੀ ਪ੍ਰਾਚੀਨ ਕਾਲ ਤੋਂ ਹੀ ਵਾਤਾਵਰਣ ਪੋਸ਼ਕ ਰਹੀ ਹੈ ਅਤੇ ਹਰਿਆਵਲ ਸੇਵਾ ਨਾਲ ਜੁੜੀਆਂ ਸਾਰੀਆਂ ਸੰਸਥਾਵਾਂ ਬਹੁਤ ਵਧੀਆ ਕੰਮ ਕਰ ਰਹੀ ਹੈ। ਇੱਸ ਮੌਕੇ ਤੇ ਰਿਤਵਨਜੀਤ ਸਿੰਘ ਪੁੱਤਰ ਕੁਲਜੀਤ ਸਿੰਘ ਐਮ.ਡੀ ਮੇਹਰ ਗਰੁੱਪ ਦੇ ਤੇਰਵੇਂ ਜਨਮਦਿਨ ਦੇ ਮੌਕੇ ਨਵਾਂਸ਼ਹਿਰ ਹਰਿਆਵਲ ਮੁਹਿੰਮ ਤਹਿਤ ਰੱਖੀ ਪੌਦੇ ਲਗਾਉਣ ਦੀ ਮੁਹਿੰਮ ਲਈ ਕਰੀਬ 150 ਵੱਖ ਵੱਖ ਤਰ੍ਹਾਂ ਦੇ ਬੂਟੇ ਭੇਟ ਕੀਤੇ ਗਏ ਜੋ ਕਿ ਸ਼ਹਿਰ ਦੀ ਸੁੰਦਰਤਾ ਵਾਸਤੇ ਡਿਵਾਈਡਰ ਤੇ ਲਗਾਏ ਗਏ। ਹਰਿ ਪ੍ਰਭ ਮਹਿਲ ਸਿੰਘ ਨੇ ਕਿਹਾ ਕਿ ਹਰਿਆਵਲ ਲਈ ਸੇਵਾ ਕਰਨ ਵਾਲੀਆਂ ਸਾਰੀਆਂ ਸ਼ਖਸੀਅਤਾਂ ਪੂਜਣ ਯੋਗ ਹਨ ਜੋ ਕਿ ਦੇਸ਼ ਕੌਮ ਲਈ ਨਿਸ਼ਕਾਮ ਭਾਵਨਾ ਨਾਲ ਆਪਣੇ ਘਰੇਲੂ ਕਾਰਜਾਂ ਨੂੰ ਵਿਰਾਮ ਦਿੰਦਿਆਂ ਸੇਵਾ ਕਾਰਜ ਕਰਦੀਆਂ ਹਨ । ਇਸ ਮੌਕੇ ਤੇ ਡਾ ਸੁਖਵਿੰਦਰ ਸਿੰਘ ਸੁੱਖੀ, ਸੁਖਵਿੰਦਰ ਸਿੰਘ ਥਾਂਦੀ, ਵਿਨੋਦ ਭਾਰਦਵਾਜ ਅਮਰਜੀਤ ਸਿੰਘ ਅਤੇ ਅੰਕੁਸ਼ ਨਿਝਾਵਨ ਨੇ ਸ਼ਹਿਰ ਵਿੱਚ ਵਾਤਾਵਰਨ ਸੰਭਾਲ ਲਈ ਕੰਮ ਕਰ ਰਹੀਆਂ ਸੰਸਥਾਵਾ ਨੂੰ ਪ੍ਰਸ਼ੰਸਾ ਪੱਤਰ ਦੇ ਕੇ ਸਨਮਾਨਿਤ ਕੀਤਾ।ਇਸ ਮੌਕੇ ਤੇ ਮੰਚ ਸੰਚਾਲਨ ਸ਼੍ਰੀ ਗੁਰੂ ਰਾਮ ਦਾਸ ਸੋਸਾਇਟੀ ਦੇ ਪ੍ਰਧਾਨ ਸੁਖਵਿੰਦਰ ਸਿੰਘ ਥਾਂਦੀ ਨੇ ਕੀਤਾ ਅਤੇ ਸਾਰਿਆਂ ਨੂੰ ਹਰਿਆਵਲ ਕਾਰ ਸੇਵਾ ਨਾਲ ਜੁੜਨ ਦੀ ਅਪੀਲ ਕੀਤੀ । ਇਸ ਮੌਕੇ ਤੇ ਜਥੇਦਾਰ ਬਾਬਾ ਨਰੰਗ ਸਿੰਘ ਮੁੱਖ ਸੇਵਾਦਾਰ ਗੁਰਦੁਆਰਾ ਮੰਜੀ ਸਾਹਿਬ ਨਵਾਂ ਸ਼ਹਿਰ ਨੇ ਸਾਰੀਆਂ ਸੰਸਥਾਵਾਂ ਦਾ ਧੰਨਵਾਦ ਕਰਦੇ ਹੋਏ ਕਿਹਾ ਸਾਰਿਆਂ ਨੂੰ ਹਰਿਆਵਲ ਲਈ ਵੱਧ ਤੋਂ ਵੱਧ ਯਤਨ ਕਰਨੇ ਚਾਹੀਦੇ ਹਨ । ਇਸ ਮੌਕੇ ਹਰਪ੍ਰਭਮਹਿਲ ਸਿੰਘ ਬਰਨਾਲਾ, ਅਮਰੀਕ ਸਿੰਘ ਗੁਰੂ ਕੀ ਰਸੋਈ, ਜਰਨੈਲ ਸਿੰਘ, ਅਸ਼ਵਨੀ ਜੋਸ਼ੀ, ਮਨੋਜ ਜਗਪਾਲ, ਪਰਵਿੰਦਰ ਬਤਰਾ, ਸੁਖਵਿੰਦਰ ਸਿੰਘ ਤੂਰ, ਨਰੇਸ਼ ਸੂਰੀ ,ਅੰਕੁਸ਼ ਨਿਜ਼ਾਵਨ ਨੇ ਆਪਣੀ ਆਪਣੀ ਸੰਸਥਾ ਵੱਲੋਂ ਕੀਤੇ ਜਾ ਰਹੇ ਵਾਤਾਵਰਣ ਸੰਭਾਲ ਦੇ ਕਾਰਜਾਂ ਪ੍ਰਤੀ ਜਾਣਕਾਰੀ ਦਿੱਤੀ। ਇਸ ਮੌਕੇ ਤੇ ਤਰਲੋਕ ਸਿੰਘ ਸੇਠੀ , ਅਮਰਜੀਤ ਸਿੰਘ , ਇੰਦਰਜੀਤ ਸਿੰਘ, ਕਰਮਜੀਤ ਸਿੰਘ ਸੋਢੀ, ਸੁਖਵਿੰਦਰ ਸਿੰਘ, ਚਰਨਜੀਤ ਸਿੰਘ ਮੁਬਾਰਕਪੁਰ, ਮਨੋਜ ਕਨੌਜੀਆ , ਹਰਪ੍ਰੀਤ ਸਿੰਘ, ਜਤਿੰਦਰ ਸਿੰਘ , ਹਤਿੰਦਰ ਖੰਨਾ , ਕੁਲਜੀਤ ਸਿੰਘ , ਰਾਜਵੰਸ਼ ਸਿੰਘ ਬੇਦੀ, ਜਸਵਿੰਦਰ ਸਿੰਘ, ਘਨਸ਼ਿਆਮ , ਰਾਮ ਪਾਲ , ਜਸਪ੍ਰੀਤ , ਅਜਾਦ , ਰਾਹੁਲ ਕੰਡਾ , ਅਦਿਤੀ ਕੰਡਾ, ਹਰਮਨਜੀਤ ਸਿੰਘ ਸਾਹਿਤ ਕਈ ਹਰਿਆਵਲ ਯੋਧਾ ਮੌਜੂਦ ਰਹੇ ਅਤੇ ਰੁੱਖ ਲਗਾਉਣ ਵਿਚ ਮਦਦ ਕੀਤੀ ।

# ਪੇਡੂ ਸਾਹਿਤ ਸਭਾ ਬਾਲਿਆਂ ਵਾਲੀ ਦੀ ਅਹਿਮ ਮੁੱਦਿਆਂ ਤੇ ਹੋਈ ਮੀਟਿੰਗ



ਬਾਲਿਆਂ ਵਾਲੀ (ਲੋਕ ਬਾਣੀ) ਪੇਡੂ ਸਾਹਿਤ ਸਭਾ ਬਾਲਿਆਂ ਵਾਲੀ ਦੀ ਮਹੀਨਾ ਵਾਰੀ ਮੀਟਿੰਗ ਸਭਾ ਦੇ ਪ੍ਰਧਾਨ ਸੁਖਦਰਸ਼ਨ ਗਰਗ ਦੀ ਪ੍ਰਧਾਨਗੀ ਹੇਠ ਕਵੀਸ਼ਰ ਮਾਘੀ ਸਿੰਘ ਗਿੱਲ ਯਾਦਗਾਰੀ ਲਾਇਬਰੇਰੀ ਅਤੇ ਬ੍ਰਿਗੇਡੀਅਰ ਬੰਤ ਸਿੰਘ ਮੈਮੋਰੀਅਲ ਸੁਵਿਧਾ ਕੇਂਦਰ ਅਤੇ ਕੰਪਿਊਟਰ ਸੈਂਟਰ ਵਿਖੇ ਹੋਈ।।ਪ੍ਰਧਾਨ ਸੁਖਦਰਸ਼ਨ ਗਰਗ ਨੇ ਪ੍ਰੈਸ ਨੂੰ ਜਾਣਕਾਰੀ ਦਿੰਦੇ ਕਿਹਾ ਕਿਸਭਾ ਵੱਲੋਂ ਇਲਾਕੇ ਦੇ ਸਤਾਰ੍ਹਾਂ ਪਿੰਡਾਂ ਦੇ ਸਰਕਾਰੀ ਸਕੂਲਾਂ ਅਤੇ ਗੈਰ ਸਰਕਾਰੀ ਸਕੂਲਾਂ ਦੇ ਬੱਚਿਆਂ ਨੂੰ ਅਗਲੇ ਮਹੀਨੇ ਸਨਮਾਨਿਤ ਕੀਤਾ ਜਾਵੇਗਾ ਜਿੰਨਾਂ ਨੇ ਸਾਲ 2023-24 ਦੇ ਸੈਸ਼ਨ ਦੌਰਾਨ ਪੰਜਾਬੀ ਵਿਸ਼ੇ ਵਿੱਚੋਂ ਸਭ ਤੋਂ ਵੱਧ ਅੰਕ ਪ੍ਰਾਪਤ ਕੀਤੇ ਹਨ। ਸਾਹਿਤਕ ਦੌਰ ਵਿੱਚ ਅਜਮੇਰ ਦੀਵਾਨਾ ਨੇ ਮਿਰਜ਼ੇ ਦੇ ਦਰਬਾਰ ਦਾ ਪਹਿਲਾ ਹਿੱਸਾ ਪੜਿਆ। ਜੀਤ ਸਿੰਘ ਚਹਿਲ ਨੇ ਲੇਖ ਪੜ੍ਹਕੇ ਸੁਣਾਇਆ। ਹਰਜਿੰਦਰ ਕੌਰ ਨੇ ਕਵਿਤਾ ਪੜ੍ਹੀ। ਮਹਿਕਪ੍ਰੀਤ ਸਿੰਘ ਨੇ ਗੀਤ ਸੁਣਾਇਆ। ਗੁਰਤੇਜ ਸਿੰਘ ਨੇ ਰੁਬਾਈਆਂ ਪੜ੍ਹੀਆਂ। ਨਸੀਬ ਸ਼ਰਮਾ ਨੇ ਗੀਤ ਗਾ ਕੇ ਸੁਣਾਇਆ। ਜਗਨ ਨਾਥ ਕਵਿਤਾ ਸੁਣਾਈ। ਸੁਖਦਰਸ਼ਨ ਗਰਗ ਨੇ ਤਾਜ਼ਾ ਰੁਬਾਈਆਂ ਸੁਣਾਈਆਂ। ਪੜ੍ਹੀਆਂ ਰਚਨਾਵਾਂ ਤੇ ਸੱਤਪਾਲ ਸਿੰਘ ਗਿੱਲ ਨੇ ਅਤੇ ਇੰਦਰ ਨੇ ਉਸਾਰੂ ਅਲੋਚਨਾਂ ਕੀਤੀ। ਇਸ ਮੀਟਿੰਗ ਵਿੱਚ ਪ੍ਰਧਾਨ ਸੁਖਦਰਸ਼ਨ ਗਰਗ। ਜਗਨਨਾਥ ਖਜਾਨਚੀ। ਜੀਤ ਸਿੰਘ ਚਾਹਿਲ। ਅਜਮੇਰ ਸਿੰਘ ਦਿਵਾਨਾ। ਇੰਦਰ ਸਿੰਘ। ਨਸੀਬ ਸਰਮਾ। ਗੁਰਮੇਲ ਸਿੰਘ ਹਰਜਿੰਦਰ ਕੌਰ। ਮਹਿਕ ਪ੍ਰੀਤ। ਗੁਰਤੇਜ ਸਿੰਘ ਅਤੇ ਸੱਤਪਾਲ ਸਿੰਘ ਗਿੱਲ ਨੇ ਭਾਗ ਲਿਆ।

# ਅਧਿਆਪਕ ਗੁਰਵਿੰਦਰ ਸਿੱਧੂ ਨੇ ਹੋਣਹਾਰ ਵਿਦਿਆਰਥੀਆਂ ਨੂੰ ਕੀਤਾ ਸਨਮਾਨਿਤ




ਰਾਮਪੁਰਾ ਫੂਲ,(ਲੋਕ ਬਾਣੀ) ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਲੜਕੀਆਂ ਮੰਡੀ ਕਲਾਂ ਵਿਖੇ ਵਿਦਿਆਰਥੀਆਂ ਨੂੰ ਸਹਿ-ਵਿੱਦਿਅਕ ਗਤੀਵਿਧੀਆਂ ਨਾਲ ਜੋੜੀ ਰੱਖਣ ਦੇ ਉਦੇਸ਼ ਨਾਲ ਚਿੱਤਰਕਲਾ ਦੇ ਪੇਂਟਿੰਗ, ਪੋਸਟਰ ਮੇਕਿੰਗ, ਵੇਸਟ ਮੈਟੀਰੀਅਲ ਅਤੇ ਸੁੰਦਰ ਲਿਖਾਈ ਆਦਿ ਗਤੀਵਿਧੀਆਂ ਦੇ ਮੁਕਾਬਲਿਆਂ ਵਿੱਚ ਪਹਿਲੇ ਚਾਰ-ਚਾਰ ਸਥਾਨ ਹਾਸਿਲ ਕਰਨ ਵਾਲ਼ੇ ਹੋਣਹਾਰ ਵਿਦਿਆਰਥੀਆਂ ਨੂੰ ਇਨਾਮਾਂ ਨਾਲ ਸਨਮਾਨਿਤ ਕੀਤਾ ਗਿਆ। ਪ੍ਰਿੰਸੀਪਲ ਕੁਲਵਿੰਦਰ ਸਿੰਘ ਦੀ ਅਗਵਾਈ ਵਿੱਚ ਅਤੇ ਨੋਡਲ ਗੁਰਵਿੰਦਰ ਸਿੰਘ ਸਿੱਧੂ ਦੀ ਦੇਖ-ਰੇਖ ਅਧੀਨ ਪੇਂਟਿੰਗ, ਕਰਾਫ਼ਟ ਵਰਕ, ਪੋਸਟਰ ਮੇਕਿੰਗ, ਸੁੰਦਰ ਲਿਖਾਈ ਆਦਿ ਸਮੇਤ ਵੱਖ-ਵੱਖ ਗਤੀਵਿਧੀਆਂ ਦੇ ਛੁੱਟੀਆਂ ਦੌਰਾਨ ਲਗਾਏ ਆਨਲਾਈਨ ਸਮਰ ਕੈਂਪ ਵਿੱਚ ਕਰਵਾਏ ਮੁਕਾਬਲਿਆਂ ਵਿੱਚ ਜਸਮੀਤ ਕੌਰ, ਹਰਮਨ, ਮਨਪ੍ਰੀਤ ਕੌਰ, ਅਮਨਿੰਦਰ ਕੌਰ, ਗੁਰਲੀਨ ਕੌਰ, ਲਵਲੀਨ ਕੌਰ, ਲੱਛਮੀ ਦੇਵੀ, ਹਰਲੀਨ ਕੌਰ ਆਦਿ ਸਮੇਤ ਪੁਜੀਸ਼ਨਾਂ ਪ੍ਰਾਪਤ ਕਰਨ ਵਾਲੇ ਲਗਭਗ ਵੀਹ ਵਿਦਿਆਰਥੀਆਂ ਨੂੰ ਮੈਡਲ ਦੇ ਕੇ ਸਨਮਾਨਿਤ ਕੀਤਾ ਗਿਆ। ਜਿਨ੍ਹਾਂ ਦੀ ਸੇਵਾ ਅਧਿਆਪਕ ਗੁਰਵਿੰਦਰ ਸਿੱਧੂ ਵੱਲੋਂ ਆਪਣੀ ਕਿਰਤ ਕਮਾਈ ਵਿੱਚੋਂ ਕੀਤੀ ਗਈ। ਇਸ ਤੋਂ ਇਲਾਵਾ ਸਕਾਊਟ ਐਂਡ ਗਾਈਡ ਗਤੀਵਿਧੀਆਂ ਵਿੱਚ ਪਹਿਲੀਆਂ ਤਿੰਨ ਪੁਜੀਸ਼ਨਾਂ ਵਾਲੇ ਵਿਦਿਆਰਥੀ ਸਿਮਰਜੀਤ ਕੌਰ, ਲੱਛਮੀ ਦੇਵੀ ਅਤੇ ਯਸਲੀਨ ਸਹੋਤਾ ਨੂੰ ਵੀ ਮੈਡਲ ਦਿੱਤੇ ਗਏ।ਇਸ ਮੌਕੇ ਉਨ੍ਹਾਂ ਵਿਦਿਆਰਥੀਆਂ ਨੂੰ ਹੋਰ ਵੀ ਮਿਹਨਤ ਕਰਨ ਲਈ ਪ੍ਰੇਰਦਿਆਂ ਕਿਹਾ ਕਿ ਮਿਹਨਤ ਅਤੇ ਲਗਨ ਨਾਲ ਹੀ ਸੰਪੂਰਨ ਸ਼ਖਸੀਅਤ ਦਾ ਵਿਕਾਸ ਹੁੰਦਾ ਹੈ। ਇਸ ਦੌਰਾਨ ਲੈਕਚਰਾਰ ਸ਼ਵਿੰਦਰਪਾਲ ਕੌਰ, ਅੰਜੂ ਬਾਲਾ, ਰਾਖੀ ਗੁਪਤਾ, ਗੁਰਦੀਪ ਸਿੰਘ, ਸਰਬਜੀਤ ਸਿੰਘ ਅਤੇ ਗੁਰਪ੍ਰੀਤ ਸਿੰਘ ਸਮੇਤ ਸਮੂਹ ਸਟਾਫ਼ ਦਾ ਵਿਸ਼ੇਸ਼ ਸਹਿਯੋਗ ਰਿਹਾ।

# ਪਟਿਆਲਾ ਪੁਲਿਸ ਨੇ 12 ਘੰਟੇ ਦੇ ਅੰਦਰ ਗੋਲੀਬਾਰੀ ਦੀਆਂ ਦੋ ਘਟਨਾਵਾਂ ਨੂੰ ਸੁਲਝਾ ਲਿਆ

ਪਟਿਆਲਾ, (ਲੋਕ ਬਾਣੀ) ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ ਡੀਜੀਪੀ ਪੰਜਾਬ ਗੌਰਵ ਯਾਦਵ ਦੇ ਦਿਸ਼ਾ-ਨਿਰਦੇਸ਼ਾਂ ਤੇ ਗੈਂਗਸਟਰਾਂ ਅਤੇ ਅਪਰਾਧੀਆਂ ਵਿਰੁੱਧ ਸ਼ੁਰੂ ਕੀਤੀ ਗਈ ਸੂਬਾ ਪੱਧਰੀ ਮੁਹਿੰਮ ਨੂੰ ਉਸ ਸਮੇਂ ਵੱਡੀ ਸਫਲਤਾ ਮਿਲੀ ਜਦੋਂ ਜ਼ਿਲ੍ਹਾ ਪਟਿਆਲਾ ਤੋਂ ਰਾਜਪੁਰਾ ਪੁਲਿਸ ਦੀ ਟੀਮ ਨੇ ਇੱਕ ਸੰਖੇਪ ਮੁਕਾਬਲੇ ਤੋਂ ਬਾਅਦ ਦੋ ਮੁਲਜ਼ਮਾਂ ਨੂੰ ਕਾਬੂ ਕਰਕੇ ਦੋ ਦੋਸ਼ੀਆਂ ਨੂੰ ਕਾਬੂ ਕਰ ਲਿਆ। ਰਾਜਪੁਰਾ-ਪਟਿਆਲਾ ਟੋਲ ਪਲਾਜ਼ਾ ਅਤੇ ਰਾਜਪੁਰਾ ਵਿਖੇ ਸ਼ਰਾਬ ਦੇ ਠੇਕੇ ਤੇ ਕੱਲ੍ਹ ਦੇਰ ਰਾਤ ਹੋਈ ਗੋਲੀਬਾਰੀ ਦੀਆਂ ਘਟਨਾਵਾਂ 12 ਘੰਟਿਆਂ ਦੇ ਅੰਦਰ-ਅੰਦਰ, ਸ਼. ਵਰੁਣ ਸ਼ਰਮਾ, ਆਈ.ਪੀ.ਐਸ., ਐਸ.ਐਸ.ਪੀ ਪਟਿਆਲਾ ਨੇ ਐਤਵਾਰ ਨੂੰ ਇੱਥੇ ਡਾ.

ਫੜੇ ਗਏ ਵਿਅਕਤੀਆਂ ਦੀ ਪਛਾਣ ਦੀਪਕ ਪੁੱਤਰ ਬੂੜਾ ਵਾਸੀ ਬੁੱਢਣਵਾਲ, ਸ਼ਾਹਕੋਟ, ਜਲੰਧਰ ਅਤੇ ਰਮਨਦੀਪ ਸਿੰਘ ਪੁੱਤਰ ਗੁਰਚਰਨ ਸਿੰਘ ਵਾਸੀ ਅਮਰਗੜ੍ਹ, ਬਠਿੰਡਾ ਵਜੋਂ ਹੋਈ ਹੈ। ਪੁਲਿਸ ਟੀਮਾਂ ਨੇ ਉਨ੍ਹਾਂ ਦੇ ਕਬਜ਼ੇ ਚੋਂ ਇੱਕ .22 ਕੈਲੀਬਰ ਰਿਵਾਲਵਰ ਅਤੇ ਇੱਕ .32 ਕੈਲੀਬਰ ਪਿਸਤੌਲ ਸਮੇਤ 13 ਜਿੰਦਾ ਕਾਰਤੂਸ ਬਰਾਮਦ ਕੀਤੇ ਹਨ, ਇਸ ਤੋਂ ਇਲਾਵਾ ਅਪਰਾਧ ਵਿੱਚ ਵਰਤੀ ਗਈ ਹੁੰਡਈ ਵੇਨਿਊ ਕਾਰ ਨੂੰ ਵੀ ਜ਼ਬਤ ਕੀਤਾ ਹੈ।ਐਸਐਸਪੀ ਵਰੁਣ ਸ਼ਰਮਾ ਨੇ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਦੱਸਿਆ ਕਿ ਬੀਤੀ ਅੱਧੀ ਰਾਤ ਦੇ ਕਰੀਬ ਸੂਚਨਾ ਮਿਲੀ ਸੀ ਕਿ ਰਾਜਪੁਰਾ-ਪਟਿਆਲਾ ਟੋਲ ਪਲਾਜ਼ਾ 'ਤੇ ਦੋ ਵਿਅਕਤੀਆਂ ਨੇ ਮੁਲਾਜ਼ਮਾਂ ਨਾਲ ਜ਼ੁਬਾਨੀ ਤਕਰਾਰ ਤੋਂ ਬਾਅਦ ਗੋਲੀ ਚਲਾ ਦਿੱਤੀ। ਐਸਐਸਪੀ ਨੇ ਦੱਸਿਆ ਕਿ



ਬਾਅਦ ਵਿੱਚ, ਇੱਕ ਘੰਟੇ ਬਾਅਦ, ਰਾਜਪੁਰਾ ਦੇ ਇੱਕ ਸ਼ਰਾਬ ਦੇ ਠੇਕੇ ਵਿੱਚ ਗੋਲੀਬਾਰੀ ਦੀ ਇੱਕ ਹੋਰ ਘਟਨਾ ਦੀ ਸੂਚਨਾ ਮਿਲੀ।

ਦੋ ਵੱਖ-ਵੱਖ ਐਫ.ਆਈ.ਆਰ. ਨੰ. 85 ਅਧੀਨ 109, 3.5 2©♥, 25, 27, 54, 59 ਅਸਲਾ ਐਕਟ ਥਾਣਾ ਸਦਰ ਪਟਿਆਲਾ ਅਤੇ ਐਫ.ਆਈ.ਆਰ ਨੰ. ਇਨ੍ਹਾਂ ਘਟਨਾਵਾਂ ਸਬੰਧੀ ਬੀਤੇ ਦਿਨ ਥਾਣਾ ਸਿਟੀ ਰਾਜਪੁਰਾ ਵਿਖੇ 133 ਅਧੀਨ ਧਾਰਾ 109, 3.5 ਬੀ.ਐਨ.ਐਸ., 25, 54, 59 ਅਸਲਾ ਐਕਟ ਦਰਜ ਕੀਤਾ ਗਿਆ ਸੀ।ਕਾਰਵਾਈ ਦੇ ਵੇਰਵੇ ਸਾਂਝੇ ਕਰਦਿਆਂ ਐਸਐਸਪੀ ਨੇ ਦੱਸਿਆ ਕਿ ਡੀਆਈਜੀ ਪਟਿਆਲਾ ਰੇਂਜ ਸ਼ ਹਰਚਰਨ ਸਿੰਘ ਭੁੱਲਰ ਆਈਪੀਐਸ ਦੇ ਦਿਸ਼ਾ ਨਿਰਦੇਸ਼ਾਂ ਤੇ ਐਸਪੀ (ਡੀ) ਯੋਗੇਸ਼ ਕੁਮਾਰ ਅਤੇ ਡੀਐਸਪੀ ਰਾਜਪੁਰਾ ਬਿਕਰਮਜੀਤ ਸਿੰਘ ਬਰਾੜ ਦੀ ਨਿਗਰਾਨੀ ਹੇਠ ਤਿੰਨ ਟੀਮਾਂ ਦਾ ਗਠਨ ਕੀਤਾ ਗਿਆ ਸੀ। ਤੇਜ਼ੀ ਨਾਲ ਕਾਰਵਾਈ ਕਰਦੇ ਹੋਏ ਥਾਣਾ ਸਦਰ ਰਾਜਪੁਰਾ ਦੇ ਐਸਐਚਓ ਕਿਰਪਾਲ ਸਿੰਘ, ਥਾਣਾ ਸਿਟੀ ਰਾਜਪੁਰਾ ਦੇ ਐਸਐਚਓ ਅਮਨਦੀਪ ਬਰਾੜ ਅਤੇ ਥਾਣਾ ਬਨੂੜ ਦੇ ਐਸਐਚਓ ਗੁਰਸੇਵਕ ਸਿੰਘ ਦੀ ਅਗਵਾਈ ਹੇਠਲੀਆਂ ਟੀਮਾਂ ਨੇ ਵਾਰਦਾਤ ਵਾਲੀ ਥਾਂ ਤੋਂ ਸੀਸੀਟੀਵੀ ਫੁਟੇਜ ਹਾਸਲ ਕਰਕੇ ਹਿਸਟਰੀ ਸ਼ੀਟਰ ਵਾਲੇ ਮੁਲਜ਼ਮ ਦੀਪਕ ਦੀ ਪਛਾਣ ਕਰਨ ਵਿੱਚ ਸਫਲਤਾ ਹਾਸਲ ਕੀਤੀ। ਅੱਜ ਦੇਰ ਸ਼ਾਮ, ਜੁਰਮ ਦੇ ਸਥਾਨ ਤੋਂ ਮਿਲੇ ਸੁਰਾਗ ਅਤੇ ਮਨੁੱਖੀ ਖੁਫੀਆ ਜਾਣਕਾਰੀ ਦੇ ਆਧਾਰ ਤੇ ਤਕਨੀਕੀ ਜਾਣਕਾਰੀ ਦੇ ਬਾਅਦ, ਟੀਮਾਂ ਨੇ ਗੀਗਾ ਮਾਜਰਾ ਕਲੋਨੀ ਰੋਡ ਤੇ ਬਨੂੜ ਸਥਿਤ ਸ਼ਰਾਬ ਫੈਕਟਰੀ ਦੇ ਨੇੜੇ ਇੱਕ ਚਿੱਟੇ ਰੰਗ ਦੀ ਹੁੰਡਈ ਵੈਨਿਊ ਗੱਡੀ ਵਿੱਚ ਮੁਲਜ਼ਮ ਨੂੰ ਰੋਕਿਆ। ਗ੍ਰਿਫਤਾਰੀ ਤੋਂ ਬਚਣ ਦੀ ਕੋਸ਼ਿਸ਼ ਚ ਉਨ੍ਹਾਂ ਨੇ ਪੁਲਸ ਟੀਮ ਤੇ ਗੋਲੀਆਂ ਚਲਾ ਦਿੱਤੀਆਂ। ਐਸਐਸਪੀ ਨੇ ਕਿਹਾ ਕਿ ਪੁਲਿਸ ਟੀਮ ਨੇ ਸਵੈ-ਰੱਖਿਆ ਵਿੱਚ ਜਵਾਬੀ ਗੋਲੀਬਾਰੀ ਕੀਤੀ ਅਤੇ ਕਰਾਸ ਫਾਇਰਿੰਗ ਵਿੱਚ ਇੱਕ ਦੋਸ਼ੀ ਨੂੰ ਗੋਲੀ ਲੱਗ ਗਈ।

ਹੋਰ ਵੇਰਵਿਆਂ ਦਾ ਖੁਲਾਸਾ ਕਰਦੇ ਹੋਏ ਐਸਐਸਪੀ ਨੇ ਦੱਸਿਆ ਕਿ ਮੁੱਢਲੀ ਜਾਂਚ ਤੋਂ ਪਤਾ ਲੱਗਾ ਹੈ ਕਿ ਗੋਲੀਬਾਰੀ ਦੀਆਂ ਇਨ੍ਹਾਂ ਦੋ ਘਟਨਾਵਾਂ ਤੋਂ ਇਲਾਵਾ ਇਹ ਦੋਵੇਂ 8 ਜੁਲਾਈ ਨੂੰ ਜ਼ਿਲ੍ਹਾ ਜਲੰਧਰ ਦੇ ਸ਼ਾਹਕੋਟ ਵਿੱਚ ਹੋਈ ਗੈਂਗਵਾਰ ਵਿੱਚ ਹੋਈ ਗੋਲੀਬਾਰੀ ਵਿੱਚ ਵੀ ਸ਼ਾਮਲ ਸਨ।

# ਸ਼੍ਰੀ ਰਾਮਦੂਤ ਬਾਲਾ ਜੀ ਮੰਦਰ ਵਿਖੇ ਮੂਰਤੀਆਂ ਕੀਤੀਆਂ ਸਥਾਪਿਤ



ਰਾਮਪੁਰਾ ਫੂਲ, (ਲੋਕ ਬਾਣੀ) - ਰਾਮਦੂਤ ਸ੍ਰੀ ਬਾਲਾ ਜੀ ਮੰਦਰ ਰਾਮਪੁਰਾ ਫੂਲ ਵਿਖੇ ਮੂਰਤੀ ਸਥਾਪਨਾ ਸਮਾਗਮ ਕਰਵਾਇਆ ਗਿਆ। ਇਸ ਮੌਕੇ ਪ੍ਰੈਸ ਕਲੱਬ ਬਲਾਕ ਰਾਮਪੁਰਾ ਦੇ ਪ੍ਰਧਾਨ ਮਨਪ੍ਰੀਤ ਸਿੰਘ ਗਿੱਲ ਮੁੱਖ ਮਹਿਮਾਨ ਵੱਜੋਂ ਸ਼ਾਮਿਲ ਹੋਏ। ਜਦਕਿ ਥਾਣਾ ਸਿਟੀ ਰਾਮਪੁਰਾ ਦੇ ਐਸ.ਐਚ.ਓ ਜਗਦੀਪ ਸਿੰਘ ਨੇ ਵਿਸੇਸ਼ ਮਹਿਮਾਨ ਵੱਜੋਂ ਸ਼ਿਰਕਤ ਕੀਤੀ। ਰਾਮਦੂਤ ਸ੍ਰੀ ਬਾਲਾ ਜੀ ਮੰਦਰ ਕਮੇਟੀ ਦੇ ਸਰਪ੍ਰਸਤ ਬਾਬਾ ਅਸ਼ੋਕ ਕੁਮਾਰ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਸ਼੍ਰੀ ਅਖੰਡ ਰਮਾਇਣ ਜੀ ਦਾ ਪਾਠ ਕਰਵਾਕੇ ਮੰਦਰ ਵਿਚ ਮਾਤਾ ਕਾਲੀ ਜੀ, ਮਾਤਾ ਸ਼ੀਤਲਾ ਜੀ, ਗੁਰੂ ਗੋਰਖਨਾਥ ਜੀ ਅਤੇ ਸ਼੍ਰੀ ਗੋਗਾ ਜ਼ਾਹਿਰ ਪੀਰ ਜੀ ਦੀਆਂ ਮੂਰਤੀਆਂ ਦੀ ਸਥਾਪਨਾ ਕੀਤੀ ਗਈ ਅਤੇ ਅਤੁੱਟ ਭੰਡਾਰਾ ਵਰਤਾਇਆ ਗਿਆ। ਮੰਦਰ ਦੇ ਪੁਜਾਰੀ ਯੁਗੇਸ਼ ਸਰਮਾ ਨੇ ਦੱਸਿਆ ਕਿ ਮੰਦਰ ਵੱਲੋਂ ਮਾਤਾ ਰਾਣੀ ਦੇ ਝੰਡਿਆਂ ਦੀ ਸਲਾਨਾ ਸੋਭਾ ਯਾਤਰਾ ਵਿੱਚ ਭਾਗ ਲਿਆ ਜਾਵੇਗਾ ਅਤੇ 2 ਅਗਸਤ ਨੂੰ ਮਾਤਾ ਰਾਣੀ ਦਾ ਸਾਲਾਨਾ ਜਾਗਰਣ ਵੀ ਕਰਵਾਇਆ ਜਾਵੇਗਾ। ਇਸ ਮੌਕੇ ਅਣਜਾਣ ਭਜਨ ਮੰਡਲ ਵੱਲੋਂ ਮਾਤਾ ਰਾਣੀ ਦਾ ਗੁਣਗਾਨ ਕੀਤਾ ਗਿਆ। ਇਸ ਸਮਾਗਮ ਲਈ ਸ਼੍ਰੀ ਬਾਲਾ ਜੀ ਮਹਿਲਾ ਕੀਰਤਨ ਮੰਡਲ, ਅਨਜਾਣ ਭਜਨ ਮੰਡਲ ਅਤੇ ਸ਼੍ਰੀ ਬਾਲਾ ਜੀ ਕਾਵੜ ਸੰਘ ਵੱਲੋਂ ਵੀ ਵਿਸ਼ੇਸ਼ ਸਹਿਯੋਗ ਦਿੱਤਾ ਗਿਆ। ਇਸ ਮੌਕੇ ਆਮ ਆਦਮੀ ਪਾਰਟੀ ਦੇ ਆਗੂ ਗੁਰਭਜਨ ਢਿੱਲੋਂ, ਰਿਟਾਇਰਡ ਕਾਨੂੰਗੋ ਪਰਮਜੀਤ ਸਿੰਘ, ਹੈਡ ਮਾਸਟਰ ਮਨਿੰਦਰ ਸਿੰਘ ਜਟਾਣਾ, ਅਪਰਅਪਾਰ ਸਿੰਘ, ਕੁਲਵਿੰਦਰ ਸਿੰਘ, ਰਣਵੀਰ ਸਿੰਘ ਗੱਗੀ, ਜਸਵੀਰ ਸਿੰਘ ਸੂਚ, ਗੋਰਖਾ ਮਾਨ ਡਿਖਾ ਵਾਲਾ ਤੋਂ ਇਲਾਵਾ ਮੰਦਰ ਕਮੇਟੀ ਦੇ ਪ੍ਰਧਾਨ ਸੁਖਦੇਵ ਸਿੰਘ ਕਾਲਾ, ਸਕੱਤਰ ਕ੍ਰਿਸ਼ਨ ਸਿੰਘ, ਹੈਪੀ ਗਰਗ, ਜੀਵਨ, ਬਿੱਟੂ ਤਨਵਰ, ਪੁਜਾਰੀ ਕਟਾਰਾ ਜੀ ਯਾਦਵ, ਮੁਕੇਸ਼ ਕੁਮਾਰ, ਬਦਰੀ ਪ੍ਰਸਾਦ, ਹੈਪੀ ਅਨਜਾਣ, ਮੋਨੂੰ ਬਾਬਾ ਆਦਿ ਸਾਮਿਲ ਹੋਏ।

# ਐਡੂਮੌਂਟ ਵਰਲਡ ਸਕੂਲ ਸੀ ਆਈ ਐਸ ਸੀ ਈ ਜ਼ੋਨਲ ਸਕੇਟਿੰਗ ਮੁਕਾਬਲੇ 2024 ਵਿੱਚ ਫਿਰ ਚਮਕਿਆ

ਨਾਭਾ (ਲੋਕ ਬਾਣੀ))
ਨਾਭਾ ਦੇ ਪ੍ਰਸਿੱਧ ਸਕੂਲ ਐਡੂਮੌਂਟ ਵਰਲਡ ਸਕੂਲ ਵਿੱਚ ਆਯੋਜਿਤ CISCE ਜ਼ੋਨਲ ਸਕੇਟਿੰਗ ਮੁਕਾਬਲਾ 2024, ਸ਼ਾਨਦਾਰ ਪ੍ਰਤਿਭਾ ਅਤੇ ਪ੍ਰਤੀਯੋਗੀ ਭਾਵਨਾ ਨੂੰ ਪ੍ਰਦਰਸ਼ਿਤ ਕਰਨ ਵਾਲਾ ਇੱਕ ਸ਼ਾਨਦਾਰ ਈਵੈਂਟ ਸਾਬਤ ਹੋਇਆ। ਇਸ ਸਮਾਗਮ ਵਿੱਚ ਇਲਾਕੇ ਦੇ ਪੰਜ ਹੋਰ ਸਕੂਲਾਂ ਨੇ ਭਾਗ ਲਿਆ, ਜਿਸ ਨਾਲ ਇਹ ਇੱਕ ਸ਼ਾਨਦਾਰ ਸਮਾਗਮ ਬਣ ਗਿਆ। ਇਸ ਮੁਕਾਬਲੇ ਵਿੱਚ ਰੋਮਾਂਚਕ ਰਿੰਕ ਰੇਸ ਅਤੇ ਚੁਣੌਤੀਪੂਰਨ ਰੋਡ ਰੇਸ ਦੀ ਵਿਸ਼ੇਸ਼ਤਾ ਵਾਲੇ, ਲਾਈਨ ਅਤੇ ਕਵਾਡ ਸ਼੍ਰੇਣੀਆਂ ਦੋਵਾਂ ਵਿੱਚ ਮੁਕਾਬਲੇ ਕਰਵਾਏ ਗਏ। ਮੁਕਾਬਲੇ ਨੂੰ ਅੰਡਰ 14 ਅਤੇ ਅੰਡਰ 17 ਭਾਗਾਂ ਵਿੱਚ ਵੰਡਿਆ ਗਿਆ ਸੀ, ਜਿਸ ਨਾਲ ਸਾਰੇ ਵਿਦਿਆਰਥੀਆਂ ਸਕੇਟਰਾਂ ਲਈ ਇੱਕ ਨਿਰਪੱਖ ਅਤੇ ਮੁਕਾਬਲੇ ਵਾਲਾ ਮਾਹੌਲ ਯਕੀਨੀ ਬਣਾਇਆ ਗਿਆ ਸੀ। ਐਡੂਮੌਂਟ ਵਰਲਡ ਸਕੂਲ ਦੇ ਐਥਲੀਟਾਂ ਨੇ ਸ਼ਾਨਦਾਰ ਪ੍ਰਦਰਸ਼ਨ ਕਰਦੇ ਹੋਏ ਕੁੱਲ 18 ਤਗਮੇ ਜਿੱਤੇ। ਵਿਦਿਆਰਥੀਆਂ ਵੱਲੋਂ ਖੇਡ ਪ੍ਰਤੀ ਸਮਰਪਣ ਦਾ ਪ੍ਰਦਰਸ਼ਨ ਕਰਦੇ ਹੋਏ 8 ਸੋਨੇ, 6 ਚਾਂਦੀ ਅਤੇ 4 ਕਾਂਸੀ ਦੇ ਤਗਮੇ ਪ੍ਰਾਪਤ ਕੀਤੇ।142 ਪੁਆਇੰਟਾਂ ਦੇ ਕਮਾਲ ਦੇ ਸਮੁੱਚੇ ਸਕੋਰ ਦੇ ਨਾਲ, ਐਡੂਮੌਂਟ ਵਰਲਡ ਸਕੂਲ ਨੇ ਮਾਣ ਨਾਲ ਸਮੁੱਚੀ ਚੈਂਪੀਅਨਸ਼ਿਪ ਦਾ ਖਿਤਾਬ ਜਿੱਤਿਆ, ਮੁਕਾਬਲੇ ਵਾਲੀ ਸਕੇਟਿੰਗ ਦੀ ਦੁਨੀਆਂ ਵਿੱਚ ਇੱਕ ਮੀਲ ਪੱਥਰ ਵਜੋਂ ਆਪਣੀ ਸਾਖ ਨੂੰ ਹੋਰ ਸਥਾਪਿਤ ਕੀਤਾ। ਇਸ ਮੁਕਾਬਲੇ ਦੀ ਸਾਰੀ ਦੇਖ- ਰੇਖ ਤੇ ਕਾਰਜ ਖੇਡ ਅਧਿਆਪਕ ਸ਼੍ਰੀਮਾਨ ਸ਼ੁਭਮ ਸ਼ਰਮਾ , ਸ਼੍ਰੀ ਮਾਨ ਅੰਕਿਤ ਅਤੇ ਮੈਡਮ ਨਵਪ੍ਰੀਤ ਕੌਰ ਜੀ ਨੇ ਸੰਭਾਲਿਆ। ਇਸ ਜਿੱਤ ਦੇ ਮੌਕੇ ਤੇ ਸਕੂਲ ਦੀ ਡਾਇਰੈਕਟਰ ਮੈਡਮ ਸ਼੍ਰੀ ਕਾਜਲ ਨਾਗਪਾਲ ਅਤੇ ਪ੍ਰਿੰਸੀਪਲ ਸ਼੍ਰੀਮਤੀ ਅੰਜੂ ਸ਼ਰਮਾ ਵੱਲੋਂ ਸਾਰੇ ਵਿਦਿਆਰਥੀਆਂ ਅਤੇ ਚੈਂਪੀਅਨਾਂ ਨੂੰ ਉਨ੍ਹਾਂ ਦੀ ਸਖ਼ਤ ਮਿਹਨਤ ਅਤੇ ਸ਼ਾਨਦਾਰ ਪ੍ਰਾਪਤੀਆਂ ਲਈ ਵਧਾਈਆਂ ਤੇ ਸ਼ੁਭ ਕਾਮਨਾਵਾਂ ਦਿੱਤੀਆਂ।



# ਕਾਠਗੜ੍ਹ ਚੋਅ ਦਾ ਕੰਮ ਸਫਾਈ ਦਾ ਕੰਮ ਜੰਗੀ ਪੱਧਰ ਤੇ ਚੱਲ ਰਿਹਾ ਹੈ :ਡਿਪਟੀ ਕਮਿਸ਼ਨਰ ਨਵਜੋਤਪਾਲ ਸਿੰਘ ਰੰਧਾਵਾ

ਕਾਠਗੜ੍ਹ, (ਲੋਕ ਬਾਣੀ) ਪਿਛਲੇ ਚਾਰ ਦਿਨ ਤੋਂ ਕਾਠਗੜ੍ਹ ਚੋਅ ਦੀ ਸਫਾਈ ਦਾ ਕੰਮ ਜੰਗੀ ਪੱਧਰ ਤੇ ਹੋ ਚੱਲ ਰਿਹਾ ਹੈ।ਪਿਛਲੇ ਸਾਲ ਭਾਰੀ ਬਰਸਾਤ ਦੌਰਾਨ ਕਾਠਗੜ੍ਹ ਪਿੰਡ ਵੱਲ ਦੇ ਪਾਸਿਓਂ ਬੰਨ੍ਹ ਟੁੱਟਣ ਕਰਕੇ ਪਿੰਡ ਵਿਚ ਪਾਣੀ ਘਰਾਂ ਵੜਨ ਕਾਰਨ ਪਿੰਡ ਵਾਸੀਆਂ ਦਾ ਭਾਰੀ ਨੁਕਸਾਨ ਹੋਇਆ ਸੀ।ਇਸ ਸਾਲ ਪ੍ਰਸ਼ਾਸਨ ਅਤੇ ਡਰੇਨ ਵਿਭਾਗ ਪਿੰਡ ਦੀ ਮੁਸ਼ਕਿਲ ਨੂੰ ਦੇਖਦੇ ਹੋਏ ਇਸ ਕਾਠਗੜ੍ਹ ਦੇ ਚੋਅ ਦੀ ਸਫਾਈ ਦਾ ਕੰਮ ਭਾਵੇਂ ਥੋੜਾ ਜਿਹਾ ਲੇਟ ਸ਼ੁਰੂ ਹੋਇਆ ਹੈ ਪਰ ਪਿੰਡ ਵਾਸੀਆਂ ਨੂੰ ਆਸ ਬੱਝੀ ਹੈ ਕਿ ਡੀਸਿਲਟਿੰਗ ਕਰਨ ਵਾਲੀ ਜਿਸ ਫਰਮ ਨੂੰ ਇਹ ਕੰਮ ਮਿਲਿਆ ਉਹ ਬਰਸਾਤ ਦੀ ਮਾਰ ਤੋਂ ਪਿੰਡ ਵਾਸੀਆਂ ਦਾ ਬਚਾਅ ਕਰਨਗੇ।ਚੋਅ ਦੀ ਸਫਾਈ ਕਰਨ ਵਾਲੀ ਫਰਮ ਦੇ ਕਰਮਚਾਰੀਆਂ ਨੇ ਪਿੰਡ ਵਾਸੀਆਂ ਨੂੰ ਵਿਸ਼ਵਾਸ਼ ਦੁਆਇਆ ਹੈ ਕਿ ਅਸੀਂ ਪਿੰਡ ਦੀ ਸਹਿਮਤੀ ਨਾਲ ਹੀ ਕਾਨੂੰਨੀ ਪ੍ਰਕਿਰਿਆ ਦੀ ਪਾਲਣਾ ਕਰਦੇ ਹੋਏ ਚੋਅ ਦੀ ਸਫਾਈ ਕਰ ਰਹੇ ਹਾਂ।ਡਰੇਨਜ ਵਿਭਾਗ ਦੇ ਐਸ ਡੀ ਓ ਪਵਨ ਕੁਮਾਰ ਕਾਠਗੜ੍ਹ ਵਿਖੇ ਨੇ ਪੱਤਰਕਾਰਾਂ ਨਾਲ ਫੋਨ ਤੇ ਗੱਲਬਾਤ ਕਰਦਿਆਂ ਦੱਸਿਆ ਕਿ ਪਿੰਡ ਦੇ ਭਲੇ ਲਈ ਪ੍ਰਸ਼ਾਸਨ ਅਤੇ ਡਰੇਨਜ ਵਿਭਾਗ ਦੇ ਉੱਚ ਅਧਿਕਾਰੀਆਂ ਦੇ ਹੁਕਮਾਂ ਦੀ ਪਾਲਣਾ ਕਰਦੇ ਹੋਏ। ਇਸ ਚੋਅ ਸਫਾਈ ਦਾ ਕੰਮ ਜੰਗੀ ਪੱਧਰ ਅਤੇ ਜੋਰਾ ਸ਼ੋਰਾਂ ਨਾਲ ਕਰਵਾ ਰਹੇ ਹਨ ।ਪਿੰਡ ਵਾਸੀਆਂ ਨੇ ਜ਼ਿਲ੍ਹਾ ਪ੍ਰਸ਼ਾਸਨ ਅਤੇ ਡਰੇਨਜ ਵਿਭਾਗ ਦੇ ਇਸ ਇਸ ਚੋਅ ਦੇ ਸਫਾਈ ਦੇ ਕੰਮ ਦੀ ਕੀਤੀ ਹੈ ਇਸ ਮੌਕੇ ਪਿੰਡ ਵਾਸੀਆਂ ਨੇ ਪ੍ਰਸ਼ਾਸਨ ਅਤੇ ਡਰੇਨਜ ਵਿਭਾਗ ਦਾ ਧੰਨਵਾਦ ਕੀਤਾ ਹੈ।ਕਿ ਕਹਿਣਾ ਹੈ





ਡਿਪਟੀ ਕਮਿਸ਼ਨਰ ਨਵਜੋਤਪਾਲ ਸਿੰਘ ਰੰਧਾਵਾ ਜਿਲ੍ਹਾਂ ਸ਼ਹੀਦ ਭਗਤ ਸਿੰਘ ਨਗਰ ਨੇ ਪੱਤਰਕਾਰਾਂ ਨਾਲ ਆਪਣੀ ਜਾਣਕਾਰੀ ਸਾਂਝੀ ਕਰ ਦੀਆਂ ਕਿਹਾ ਕਿ ਬਰਸਾਤ ਦੇ ਮੌਸਮ ਨੂੰ ਦੇਖਦੇ ਹੋਏ ਕਾਠਗੜ੍ਹ ਦੇ ਚੋਅ ਦੀ ਸਫਾਈ ਜੰਗੀ ਪੱਧਰ ਤੇ ਚੱਲ ਰਹੀ ਅਤੇ ਉਹਨਾਂ ਨੇ ਕਿਹਾ ਇਸ ਚੋਅ ਨੂੰ ਬਰਸਾਤ ਦੇ ਆਉਣ ਵਾਲੇ ਵਾਧੂ ਪਾਣੀ ਦੀ ਨਿਕਾਸੀ ਲਈ ਡੂੰਘਾ ਕਰਕੇ ਪਾਣੀ ਦੀ ਨਿਕਾਸੀ ਕੀਤੀ ਜਾਵੇਗੀ ਤਾ ਜੋ ਪਿੰਡ ਵਿੱਚ ਬਰਸਾਤ ਦਾ ਪਾਣੀ ਨੁਕਸਾਨ ਨਾ ਕਰ ਸਕੇ ਅਤੇ ਉਨ੍ਹਾਂ ਨੇ ਪਿੰਡ ਵਾਸੀਆਂ ਨੂੰ ਅਪੀਲ ਕੀਤੀ ਕਿ ਚੋਅ ਵਿਚ ਵਾਧੂ ਘਾਟੂ ਸਮਾਨ ਪੋਲੀਥੀਨ ਦੇ ਲਿਫਾਫੀਆ ਨੂੰ ਨਾ ਸੁਟਿਆ ਜਾਵੇ ਤਾ ਜੋ ਸੈਫਨ ਅਤੇ ਪਾਈਪ ਬੰਦ ਹੋਣ ਬਚਾਇਆ ਜਾ ਸਕੇ ਜਿਸ ਨਾਲ ਪਾਣੀ ਦੀ ਸਹੀ ਨਿਕਾਸੀ ਹੋ ਸਕੇ ਤਾਂ ਹੀ ਪਿੰਡ ਵਿਚ ਬਰਸਾਤ ਦੇ ਪਾਣੀ ਨੂੰ ਰੋਕ ਲੱਗ ਸਕਦੀ ਹੈ।

# ਵਿਧਾਇਕ ਨਾਭਾ ਦੀ ਅਗਵਾਈ ਹੇਠ ਵਰਕਰਾਂ ਨੇ ਜਲੰਧਰ ਉਪ ਚੋਣ ਚ ਆਪ ਦੀ ਜਿੱਤ ਦਾ ਜਸ਼ਨ ਮਨਾਇਆ ਅਤੇ ਲੱਡੂ ਵੰਡੇ




ਨਾਭਾ(ਲੋਕ ਬਾਣੀ) ਹਲਕਾ ਵਿਧਾਨ ਸਭਾ ਨਾਭਾ ਤੋਂ ਆਮ ਆਦਮੀ ਪਾਰਟੀ ਦੇ ਵਿਧਾਇਕ ਗੁਰਦੇਵ ਸਿੰਘ ਦੇਵ ਮਾਨ ਦੀ ਅਗਵਾਈ ਹੇਠ ਜਲੰਧਰ ਪੱਛਮੀ ਵਿਧਾਨ ਸਭਾ ਉਪ ਚੋਣ ਵਿੱਚ ਆਪ ਉਮੀਦਵਾਰ ਮਹਿੰਦਰ ਭਗਤ ਨੇ ਸ਼ਾਨਦਾਰ 37325 ਵੋਟਾਂ ਨਾਲ ਜਿੱਤ ਹਾਸਿਲ ਕਰਨ ਤੇ ਐਮਐਲਏ ਦਫਤਰ ਨਾਭਾ ਵਿਖੇ ਵਰਕਰਾਂ ਵੱਲੋਂ ਜਸ਼ਨ ਮਨਾਇਆ ਗਿਆ ਅਤੇ ਲੱਡੂ ਵੰਡ ਕੇ ਖੁਸ਼ੀ ਜਾਹਿਰ ਕੀਤੀ ਗਈ। ਇਸ ਮੌਕੇ ਵਿਧਾਇਕ ਦੇਵ ਮਾਨ ਨੇ ਜਲੰਧਰ ਉਪ ਚੋਣ ਵਿੱਚ ਆਮ ਆਦਮੀ ਪਾਰਟੀ ਦੀ ਸ਼ਾਨਦਾਰ ਜਿੱਤ ਤੇ ਸਾਰਿਆਂ ਨੂੰ ਵਧਾਈ ਦਿੱਤੀ। ਉਨ੍ਹਾਂ ਕਿਹਾ ਕਿ ਲੋਕਾਂ ਨੇ ਸੱਚ ਦਾ ਸਾਥ ਦਿੱਤਾ ਹੈ। ਵਿਧਾਇਕ ਦੇਵ ਮਾਨ ਨੇ ਕਿਹਾ ਕਿ ਜਲੰਧਰ ਉਪ ਚੋਣ ਚ ਇਤਿਹਾਸਕ ਜਿੱਤ ਚ ਮੁੱਖ ਮੰਤਰੀ ਭਗਵੰਤ ਮਾਨ ਦੀ ਅਹਿਮ ਭੂਮਿਕਾ ਰਹੀ ਹੈ। ਉਨ੍ਹਾਂ ਕਿਹਾ ਕਿ ਲੋਕਾਂ ਵਿੱਚ ਜਾ ਕੇ ਉਨ੍ਹਾਂ ਦੀਆਂ ਸਮੱਸਿਆਵਾਂ ਸੁਣ ਕੇ ਉਨ੍ਹਾਂ ਨੂੰ ਪਹਿਲ ਦੇ ਆਧਾਰ ਤੇ ਹੱਲ ਕੀਤਾ ਜਾ ਰਿਹਾ ਹੈ। ਇਸ ਮੌਕੇ ਤੇਜਿੰਦਰ ਸਿੰਘ ਖਹਿਰਾ, ਡਾ ਸੁਖਦੇਵ ਸਿੰਘ ਸੰਧੂ ਪ੍ਰਧਾਨ ਟਰੱਕ ਯੂਨੀਅਨ ਨਾਭਾ,ਸੁਖਦੇਵ ਮਾਨ, ਅਮਨਦੀਪ ਸਿੰਘ ਬਿੱਲਾ ਕੋਟ, ਸੂਬੇਦਾਰ ਗੁਰਿੰਦਰ ਸਿੰਘ ਕੁਲਾਰਾਂ, ਹਰੀਸ਼ ਕੁਮਾਰ ਸ਼ਰਮਾ, ਭੁਪਿੰਦਰ ਸਿੰਘ ਕੱਲਰਮਾਜਰੀ, ਮਨਪ੍ਰੀਤ ਸਿੰਘ ਕਾਲੀਆ, ਜਸਵੀਰ ਸਿੰਘ ਵਜੀਦਪੁਰ, ਗੁਰਚਰਨ ਸਿੰਘ ਲੁਹਾਰਮਾਜਰਾ, ਗੁਰਜੰਟ ਸਿੰਘ ਅੱਚਲ, ਸੁਖਦੀਪ ਸਿੰਘ ਖਹਿਰਾ, ਰਜਨੀਸ਼ ਸੋਨੂ, ਅਮਰਜੀਤ ਸਿੰਘ ਵਜੀਦਪੁਰ ਤੋ ਇਲਾਵਾ ਵੱਡੀ ਗਿਣਤੀ ਵਿੱਚ ਵਰਕਰ ਅਤੇ ਅਹੁਦੇਦਾਰ ਹਾਜ਼ਰ ਸਨ।

# ਗਿਆਨੀ ਗਗਨਦੀਪ ਸਿੰਘ ਨਿਰਮਲੇ ਵੱਲੋਂ ਨੌਜਵਾਨਾਂ ਨੂੰ ਬੂਟੇ ਲਗਾਉਣ ਲਈ ਦਿੱਤੇ ਗਏ

## ਸੰਸਥਾਂ ਵਲੋਂ ਹਜ਼ਾਰਾ ਦੀ ਗਿਣਤੀ ਵਿੱਚ ਬੂਟੇ ਲਗਾਏ ਅਤੇ ਵੰਡੇ ਗਏ - ਜੰਡਾਲ਼ੀ ਵਾਲ਼ੇ

ਲੁਧਿਆਣਾ (ਲੋਕ ਬਾਣੀ)

ਉੱਘੇ ਵਾਤਾਵਰਨ ਪ੍ਰੇਮੀ, ਸਿੱਖ ਵਿਦਵਾਨ ਇਲਾਕੇ ਦਾ ਮਾਣ ਗਿਆਨੀ ਗਗਨਦੀਪ ਨਿਰਮਲੇ ਮੁੱਖ ਸੇਵਾਦਾਰ ਗੁਰਮਤਿ ਸੇਵਾ ਸੁਸਾਇਟੀ (ਰਜਿ.) ਨਿਰਮਲ ਆਸ਼ਰਮ ਜੰਡਾਲ਼ੀ (ਅਹਿਮਦਗੜ੍ਹ) ਵੱਲੋਂ ਵਾਤਾਵਰਨ ਅਤੇ ਪਾਣੀ ਬਚਾਉਣ ਲਈ ਅੱਜ ਪਿੰਡ ਜੰਡਾਲ਼ੀ ਖੁਰਦ ਦੇ ਨੌਜਵਾਨਾਂ ਨੂੰ ਲਗਾਉਣ ਲਈ ਛਾਂਦਾਰ ਅਤੇ ਫ਼ਲਦਾਰ ਬੂਟੇ ਦਿੱਤੇ ਗਏ। ਇਸ ਦੌਰਾਨ ਉਨਾਂ ਨੇ ਬੂਟਿਆਂ ਨੂੰ ਲਗਾਉਣ ਲਈ ਨੌਜਵਾਨਾਂ ਨੂੰ ਇੱਕ ਟੈਂਪੂ ਵੀ ਦਿੱਤਾ ਗਿਆ। ਇਸ ਸਬੰਧੀ ਪੱਤਰਕਾਰਾਂ ਨਾਲ਼ ਗੱਲਬਾਤ ਕਰਦਿਆਂ ਗਿਆਨੀ ਗਗਨਦੀਪ ਸਿੰਘ ਨਿਰਮਲੇ (ਜੰਡਾਲ਼ੀ ਵਾਲ਼ੇ) ਨੇ ਦੱਸਿਆ ਕਿ ਹੁਣ ਤੱਕ ਸੰਸਥਾਂ ਵਲੋਂ ਹਜ਼ਾਰਾ ਦੀ ਗਿਣਤੀ ਵਿੱਚ ਬੂਟੇ ਲਗਾਏ ਅਤੇ ਵੰਡੇ ਗਏ ਹਨ। ਉਨ੍ਹਾਂ ਕਿਹਾ ਕਿ ਰੁੱਖ ਅਤੇ ਮਨੁੱਖ ਦਾ ਅਟੁੱਟ ਰਿਸ਼ਤਾ ਹੈ। ਜਿੱਥੇ ਰੁੱਖ ਸਾਨੂੰ ਸਾਹ ਲੈਣ ਲਈ ਆਕਸੀਜਨ ਦਿੰਦੇ ਹਨ, ਉੱਥੇ ਹੀ ਵਾਤਾਵਰਨ ਦਾ ਵੀ ਸੰਤੁਲਨ ਬਣਾਈ ਰੱਖਦੇ ਹਨ। ਉਨ੍ਹਾਂ ਅਪੀਲ ਕਰਦਿਆਂ ਕਿਹਾ ਕਿ ਹਰੇਕ ਵਿਅਕਤੀ ਨੂੰ ਘੱਟੋ-ਘੱਟ ਇੱਕ ਰੁੱਖ ਜ਼ਰੂਰ ਲਗਾਉਣਾ ਚਾਹੀਦਾ ਹੈ ਕਿਉਂਕਿ ਇੱਕ ਰੁੱਖ ਲਗਾਉਣਾ ਕੋਈ ਬੌਹਤਾ ਔਖਾ ਕੰਮ ਨਹੀਂ ਹੈ ਪਰ ਇਸ ਨਾਲ਼ ਹੋਣ ਵਾਲ਼ਾ ਲਾਭ ਅਨਮੋਲ ਹੈ। ਦਰਖਤ ਮਨੁੱਖ ਦੀ ਜ਼ਿੰਦਗੀ ਲਈ ਹੀ ਨਹੀਂ ਸਗੋਂ ਪਸ਼ੂ-ਪੰਛੀਆਂ ਦੇ ਜੀਵਨ ਲਈ ਵੀ ਜ਼ਰੂਰੀ ਹਨ। ਉਹਨਾਂ ਕਿਹਾ ਕਿ ਮੀਂਹ ਦਾ ਮੌਸਮ ਪੌਦੇ ਲਗਾਉਣ ਲਈ ਸਭ ਤੋਂ ਵੱਧ ਲਾਭਕਾਰੀ ਹੈ ਕਿਉਂਕਿ ਇਹਨਾਂ ਦਿਨਾਂ ਵਿੱਚ ਲਗਾਏ ਗਏ ਪੌਦੇ ਬੜੀ ਆਸਾਨੀ ਨਾਲ਼ ਚੱਲ ਪੈਂਦੇ ਹਨ। ਉਹਨਾਂ ਕਿਹਾ ਕਿ ਅਜੋਕੇ ਸਮੇਂ ਦੌਰਾਨ ਪੌਦਿਆਂ ਦੀ ਸਾਂਭ ਸੰਭਾਲ਼ ਵੱਲ ਵਿਸ਼ੇਸ਼ ਧਿਆਨ ਦੇਣ ਦੀ ਲੋੜ ਹੈ। ਉਹਨਾਂ ਅਪੀਲ ਕਰਦਿਆਂ ਕਿਹਾ ਕਿ ਹਵਾ ਦੀ ਸ਼ੁੱਧਤਾ ਲਈ ਪੌਦੇ ਹੀ ਇੱਕੋ ਇੱਕ ਸਾਧਨ ਹਨ ਇਸ ਲਈ ਸਾਨੂੰ ਸਭ ਨੂੰ ਅਪਣੇ ਘਰਾਂ ਦੇ ਆਲ਼ੇ ਦੁਆਲ਼ੇ ਖਾਲੀ ਪਈਆਂ ਥਾਵਾਂ ਦੇ ਨਾਲ਼ ਸਾਂਝੀਆਂ ਥਾਂਵਾਂ ਉੱਤੇ ਪੌਦੇ ਲਗਾਉਣੇ ਦੀ ਜ਼ਰੂਰਤ ਹੈ। ਉਨ੍ਹਾਂ ਇਹ ਵੀ ਆਖਿਆ ਕਿ ਜਿਸ ਦਿਨ ਮਰਨਾ ਹੈ... ਇੱਕ ਰੁੱਖ ਨਾਲ਼ ਲੈ ਕੇ ਹੈ ਮਰਨਾ, ਆ ਥੋੜ੍ਹਾ ਫਰਜ਼ ਨਿਭਾ ਲਈਏ.. ਵਾਤਾਵਰਨ ਬਚਾਉਣ ਲਈ ਇੱਕ ਰੁੱਖ ਤਾਂ ਲਗਾ ਲਈਏ... ਜਿਕਰਯੋਗ ਹੈ ਕਿ ਗੁਰਮਤਿ ਸੇਵਾ ਸੁਸਾਇਟੀ (ਰਜਿ.) ਵੱਲੋਂ ਮਾਨਵਤਾ ਦੀ ਸੇਵਾ ਹਿੱਤ ਬਹੁਤ ਸਾਰੀਆਂ ਸੇਵਾਵਾਂ ਪਹਿਲਾਂ ਵੀ ਚਲਾਈਆਂ ਜਾ ਰਹੀਆਂ ਹਨ। ਜਿਵੇਂ ਕਿ ਹੋਮਿਓਪੈਥਿਕ ਚੈਰੀਟੇਬਲ ਹਸਪਤਾਲ, ਡੈੱਡ ਬਾਡੀ ਫਰੀਜਰ, ਐਂਬੂਲੈਂਸ ਸੇਵਾ, ਲੰਗਰ ਦੀ ਸੇਵਾ, ਸਮੇਂ-ਸਮੇਂ ਤੇ ਮੈਡੀਕਲ ਕੈਂਪ ਲਗਵਾਉਣੇ, ਨਿਰਮਲ ਗੁਰਮਤਿ ਲਾਇਬਰੇਰੀ, ਗੁਰਮਤਿ ਪਰਚਾਰ ਲਈ ਮੁਫ਼ਤ ਲਿਟਰੇਚਰ ਵੰਡਣਾ, ਸਮਾਜਿਕ ਕੁਰੀਤੀਆਂ, ਮਾਂ ਬੋਲੀ ਪੰਜਾਬੀ ਅਤੇ ਵਾਤਾਵਰਨ ਦੀ ਸੰਭਾਲ਼ ਲਈ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਸੈਮੀਨਾਰ ਕਰਵਾਉਣੇ, ਸਫ਼ਾਈ ਮਿਸ਼ਨ, ਪਾਣੀ ਟੈਂਕਰ ਸੇਵਾ, ਪ੍ਰੋਗਰਾਮਾਂ ਲਈ ਮੁਫ਼ਤ ਭਾਂਡੇ ਅਤੇ ਭੱਠੀਆਂ ਵਰਤਣ ਲਈ ਦੇਣਾ, ਗੁਰੂ ਅੰਗਦ ਸਾਹਿਬ ਮੱਲ ਅਖਾੜਾ ਹਰ ਸਾਲ ਟੂਰਨਾਮੈਂਟ ਕੁਸ਼ਤੀ ਦੰਗਲ ਕਰਵਾਉਣਾ, ਲੋੜਵੰਦਾਂ ਨੂੰ ਬਸਤਰ ਆਦਿ ਦੇਣਾ, ਮੁਫ਼ਤ ਪੌਦੇ ਵੰਡਣਾ ਆਦਿ। ਇਸ ਮੌਕੇ ਅਮਰਪਾਲ ਸਿੰਘ ਸਾਬਕਾ ਬਲਾਕ ਸੰਮਤੀ ਮੈਂਬਰ, ਡਾ. ਅਰਸ਼ਦੀਪ ਸਿੰਘ ਰਤਨ ਕੁਲਵੀਰ ਸਿੰਘ ਰਤਨ ਆਟਾ ਚੱਕੀ, ਹਰਸ਼ਦੀਪ




ਸਿੰਘ ਲੇਲ੍ਹ, ਭੁਪਿੰਦਰ ਸਿੰਘ ਗਿੱਲ (ਭਿੰਦਾ) ਜੱਥੇਦਾਰ ਸੁਖਦੀਪ ਸਿੰਘ ਨਿਰਮਲੇ, ਸਮਰਪ੍ਰੀਤ ਸਿੰਘ ਰਤਨ, ਅਰਸ਼ਦੀਪ ਸਿੰਘ ਰਤਨ, ਹਰਮਨਜੋਤ ਸਿੰਘ ਰਤਨ, ਕੁਲਦੀਪ ਸਿੰਘ ਫੌਜੀ, ਅਮਰਜੀਤ ਸਿੰਘ ਫੌਜੀ, ਗੁਰਪ੍ਰੀਤ ਸਿੰਘ ਰਤਨ ਆਦਿ ਹਾਜ਼ਰ ਸਨ।

DIPS INSTITUTIONS ★ CHAIN OF DIPS INSTITUTIONS KNOWLEDGE IS POWER
DIPS ITM
DIPS INSTITUTE OF MANAGEMENT & TECHNOLOGY
RAMNEEK AVENUE, PATHANKOT BYE PASS
JALANDHAR CITY
www.dipsimt@gmail.com (dipsimt@gmail.com)
Contact: 95010-00697, 97806-00998